# ਤੁਹਾਡਾ ਸਫ਼ਰ

ਜਿਨਸੀ ਹਿੰਸਾ – ਡਰਬੀਸ਼ਾਇਰ (Derbyshire)
ਵਿੱਚ ਸਹਾਇਤਾ ਅਤੇ ਰਿਪੋਰਟਿੰਗ ਲਈ ਇੱਕ ਸਰਵਾਈਵਰ ਗਾਈਡ

Consent Coalition

# ਸਮੱਗਰੀ


ਜਾਣ-ਪਛਾਣ . . . 3
ਤੁਹਾਡੀ ਸਹਾਇਤਾ . . . 5
ਤੁਹਾਡਾ ਫੈਸਲਾ . . . 9
ISVA . . . 13
ਰਿਪੋਰਟ ਕਰਨਾ . . . 15
Millfield House . . . 19
ਜਾਂਚ . . . 23
ਅਦਾਲਤ ਜਾਣਾ . . . 27
ਸੰਪਰਕ . . . 31
ਪਰਿਭਾਸ਼ਾਵਾਂ ਅਤੇ ਵਿਆਖਿਆਵਾਂ . . . 33

# ਜਾਣ-ਪਛਾਣ

**ਬਲਾਤਕਾਰ ਜਾਂ ਜਿਨਸੀ ਹਿੰਸਾ ਦੀ ਰਿਪੋਰਟ ਕਰਨ ਦਾ ਫੈਸਲਾ ਕਰਨਾ ਮੁਸ਼ਕਲ ਅਤੇ ਬਹੁਤ ਨਿੱਜੀ ਹੋ ਸਕਦਾ ਹੈ। ਇਹ ਕਿਤਾਬਚਾ ਡਰਬੀਸ਼ਾਇਰ ਵਿੱਚ ਜਿਨਸੀ ਹਿੰਸਾ ਦੇ ਅਪਰਾਧ ਦੀ ਰਿਪੋਰਟ ਕਰਨ ਲਈ ਉਪਲਬਧ ਵਿਕਲਪਾਂ, ਅਤੇ ਮਾਹਰ ਜਿਨਸੀ ਹਿੰਸਾ ਸਹਾਇਤਾ ਪ੍ਰਾਪਤ ਕਰਨ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਲਿਖਿਆ ਗਿਆ ਹੈ।**

ਕਿਰਪਾ ਕਰਕੇ ਨੋਟ ਕਰੋ ਕਿ ਇਸ ਕਿਤਾਬਚੇ ਵਿੱਚ ਅਜਿਹੀ ਭਾਸ਼ਾ ਵਰਤੀ ਗਈ ਹੈ ਜੋ ਤੁਹਾਨੂੰ ਪਰੇਸ਼ਾਨ ਕਰ ਸਕਦੀ ਹੈ। ਤੁਸੀਂ ਕਿਸੇ ਵੀ ਸਮੇਂ ਪੜ੍ਹਨਾ ਬੰਦ ਕਰ ਸਕਦੇ ਹੋ ਜਾਂ ਕਿਸੇ ਹੋਰ ਹਿੱਸੇ 'ਤੇ ਜਾ ਸਕਦੇ ਹੋ। ਤੁਸੀਂ ਜਦੋਂ ਵੀ ਤਿਆਰ ਹੋਵੋ, ਹੋਰ ਪੜ੍ਹਨ ਲਈ ਕਿਸੇ ਵੀ ਸਮੇਂ ਵਾਪਸ ਆ ਸਕਦੇ ਹੋ। ਤੁਹਾਡੀ ਆਪਣੀ ਰਫ਼ਤਾਰ ਨਾਲ ਚੱਲਣਾ ਮਹੱਤਵਪੂਰਨ ਹੈ।

ਵੱਖ-ਵੱਖ ਸੰਸਥਾਵਾਂ ਦੁਆਰਾ ਕਾਰਵਾਈ ਦੇ ਵੱਖ-ਵੱਖ ਪੜਾਵਾਂ 'ਤੇ ਕਈ ਤਰ੍ਹਾਂ ਦੀਆਂ ਸ਼ਬਦਾਵਲੀਆਂ ਵਰਤੀਆਂ ਜਾਂਦੀਆਂ ਹਨ। ਤੁਸੀਂ ਅਪਰਾਧੀ ਨੂੰ ਦਰਸਾਉਣ ਲਈ 'ਅਪਰਾਧੀ' (perpetrator), 'ਸਸਪੈਕਟ' (suspect) ਅਤੇ 'ਪ੍ਰਤਿਵਾਦੀ' (defendant) ਵਰਗੇ ਸ਼ਬਦ ਸੁਣ ਸਕਦੇ ਹੋ, ਅਤੇ ਜਿਨਸੀ ਹਿੰਸਾ ਤੋਂ ਬਚਣ ਵਾਲੇ ਸਰਵਾਈਵਰ ਲਈ 'ਸ਼ਿਕਾਇਤਕਰਤਾ' (complainant) ਜਾਂ 'ਪੀੜਤ' (victim) ਸ਼ਬਦ ਵਰਤੇ ਜਾ ਸਕਦੇ ਹਨ, ਕਿਉਂਕਿ ਇਹ ਸ਼ਬਦ ਆਮ ਤੌਰ 'ਤੇ ਕਾਨੂੰਨ ਵਿੱਚ ਵਰਤੇ ਜਾਂਦੇ ਹਨ।

ਇਹ ਕਿਤਾਬਚਾ ਬਾਲਗਾਂ (18+) ਲਈ ਤਿਆਰ ਕੀਤਾ ਗਿਆ ਹੈ। ਬੱਚਿਆਂ ਅਤੇ 0-18 ਸਾਲ ਦੇ ਨੌਜਵਾਨਾਂ ਲਈ ਰਿਪੋਰਟਿੰਗ ਦਾ ਅਨੁਭਵ ਕਾਫ਼ੀ ਵੱਖਰਾ ਹੋ ਸਕਦਾ ਹੈ, ਮਾਹਰ ਸਹਾਇਤਾ ਅਤੇ ਜਾਣਕਾਰੀ ਉਪਲਬਧ ਹੈ।

Coral Cove, the East Midlands Children and Young People’s Sexual Assault Service **coralcove.org.uk**

24 ਘੰਟੇ ਪਹੁੰਚ ਲਈ ਸਿੰਗਲ ਪੁਆਇੰਟ ਨੰਬਰ 0800 183 0023 ਹੈ।

## ਜਿਨਸੀ ਹਿੰਸਾ ਕੀ ਹੈ?

ਜਿਨਸੀ ਹਿੰਸਾ ਉਹ ਸ਼ਬਦ ਹੈ ਜੋ ਅਸੀਂ ਕਿਸੇ ਵੀ ਕਿਸਮ ਦੇ ਅਣਚਾਹੇ ਜਿਨਸੀ ਸੰਪਰਕ, ਕਾਰਜ ਜਾਂ ਗਤੀਵਿਧੀ ਦਾ ਵਰਣਨ ਕਰਨ ਲਈ ਵਰਤਦੇ ਹਾਂ; ਇਸ ਵਿੱਚ ਬਲਾਤਕਾਰ ਅਤੇ ਜਿਨਸੀ ਹਮਲੇ ਸ਼ਾਮਲ ਹਨ। “ਅਣਚਾਹੇ” ਦਾ ਮਤਲਬ ਹੈ ਕਿ ਤੁਸੀਂ ਆਪਣੀ ਮਰਜ਼ੀ ਨਾਲ ਸਹਿਮਤੀ ਜਾਂ ਇਜਾਜ਼ਤ ਨਹੀਂ ਦਿੱਤੀ ਹੈ। ਪੂਰੀ ਪਰਿਭਾਸ਼ਾ ਇਸ ‘ਤੇ ਮਿਲ ਸਕਦੀ ਹੈ www.cps.gov.uk/sexual-offences

ਕਾਨੂੰਨੀ ਅਤੇ ਪੁਲਿਸ ਸ਼ਬਦਾਵਲੀ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ, ਤੁਸੀਂ ਇਸ ਕਿਤਾਬਚੇ ਦੇ ਪਿਛਲੇ ਪਾਸੇ 'ਪਰਿਭਾਸ਼ਾਵਾਂ ਅਤੇ ਵਿਆਖਿਆਵਾਂ' ਭਾਗ ਵਿੱਚ **ਬੋਲਡ** ਸ਼ਬਦਾਂ ਦਾ ਵੇਰਵਾ ਦੇਖ ਸਕਦੇ ਹੋ।

ਸਹਾਇਤਾ ਉਪਲਬਧ ਹੈ,
ਤੁਸੀਂ ਇੱਕਲੇ ਨਹੀਂ ਹੋ

# ਤੁਹਾਡੀ ਸਹਾਇਤਾ

ਸਲਾਹ ਅਤੇ ਸਹਾਇਤਾ ਪ੍ਰਦਾਨ ਕਰਨ ਵਾਲੀਆਂ
ਮਾਹਰ ਸੰਸਥਾਵਾਂ ਦੇ ਵੇਰਵੇ

## ਡਰਬੀਸ਼ਾਇਰ ਵਿੱਚ ਕਈ ਅਜਿਹੇ ਰਸਤੇ ਹਨ ਜਿਨ੍ਹਾਂ ਰਾਹੀਂ ਇੱਕ ਸਰਵਾਈਵਰ ਜਿਨਸੀ ਹਿੰਸਾ ਦੇ ਅਪਰਾਧ ਦੀ ਰਿਪੋਰਟ ਕਰਨ ਦੀ ਚੋਣ ਕਰ ਸਕਦਾ ਹੈ। ਡਰਬੀਸ਼ਾਇਰ ਵਿੱਚ ਮਾਹਰ ਜਿਨਸੀ ਹਿੰਸਾ ਸਹਾਇਤਾ ਸੇਵਾਵਾਂ ਹਨ, ਜੋ ਸਾਰੀਆਂ ਤੁਹਾਡੀ ਮਦਦ ਕਰ ਸਕਦੀਆਂ ਹਨ।

ਉਹ ਕਈ ਤਰ੍ਹਾਂ ਦੀਆਂ ਪੇਸ਼ੇਵਰ, ਗੁਪਤ ਅਤੇ ਸੁਰੱਖਿਅਤ ਸੇਵਾਵਾਂ ਪੇਸ਼ ਕਰਦੇ ਹਨ ਜੋ ਤੁਹਾਡੇ ਇਸ ਸਫ਼ਰ ਦੌਰਾਨ ਤੁਹਾਡੀ ਮਦਦ ਕਰ ਸਕਦੀਆਂ ਹਨ। ਉਹ ਤੁਹਾਡੇ ਨਾਲ ਇਸ ਬਾਰੇ ਗੱਲ ਕਰਨਗੇ ਕਿ ਤੁਹਾਡੀਆਂ ਲੋੜਾਂ ਅਨੁਸਾਰ ਕੌਣ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਤੁਸੀਂ ਅੱਗੇ ਕੀ ਕਰਨਾ ਚਾਹੋਗੇ।

ਇਹ ਹਮੇਸ਼ਾ ਤੁਹਾਡੀ ਮਰਜ਼ੀ ਹੁੰਦੀ ਹੈ ...

## ਤੁਸੀਂ ਹੇਠ ਲਿਖੀਆਂ ਸੰਸਥਾਵਾਂ ਵਿੱਚੋਂ ਕਿਸੇ ਵੀ ਸੰਸਥਾ ਵਿੱਚ ਜਿਨਸੀ ਅਪਰਾਧ ਦੀ ਰਿਪੋਰਟ ਕਰ ਸਕਦੇ ਹੋ ਜਾਂ ਸਹਾਇਤਾ ਪ੍ਰਾਪਤ ਕਰ ਸਕਦੇ ਹੋ:

Millfield House SARC Derbyshire | SV2 Supporting Victims of Sexual Violence | Sail | Derbyshire Constabulary

## Millfield House - Sexual Assault Referral Centre, SARC

Millfield House ਇੱਕ Sexual Assault Referral Centre (SARC) ਹੈ ਜੋ ਡਰਬੀਸ਼ਾਇਰ ਵਿੱਚ ਕਿਸੇ ਵੀ ਵਿਅਕਤੀ ਨੂੰ, ਜਿਸ ਨੇ ਹਾਲ ਹੀ ਵਿੱਚ ਜਿਨਸੀ ਹਿੰਸਾ ਅਤੇ/ਜਾਂ ਜਿਨਸੀ ਸ਼ੋਸ਼ਣ ਦਾ ਸਾਹਮਣਾ ਕੀਤਾ ਹੈ, ਮੁਫ਼ਤ, ਪੇਸ਼ੇਵਰ ਅਤੇ ਗੁਪਤ ਸਹਾਇਤਾ ਅਤੇ ਵਿਹਾਰਕ ਮਦਦ ਦੀ ਪੇਸ਼ਕਸ਼ ਕਰਦਾ ਹੈ। Millfield House ਕੋਲ ਸਿਖਲਾਈ ਪ੍ਰਾਪਤ **Sexual Offence Examiners, SOEs** ਅਤੇ **Crisis Workers** ਹਨ, ਜੋ ਤੁਹਾਡੀ ਸਿਹਤ ਸੰਭਾਲ ਦੀਆਂ ਲੋੜਾਂ ਦੇ ਮੁਲਾਂਕਣ ਵਿੱਚ ਤੁਹਾਡਾ ਮਾਰਗਦਰਸ਼ਨ ਕਰਨਗੇ। ਜੇਕਰ ਤੁਹਾਡੇ ਨਾਲ ਪਿਛਲੇ 7-10 ਦਿਨਾਂ ਦੇ ਅੰਦਰ ਕੁਝ ਵਾਪਰਿਆ ਹੈ, ਤਾਂ Millfield House ਭਾਵਨਾਤਮਕ ਸਹਾਇਤਾ ਦੀ ਪੇਸ਼ਕਸ਼ ਕਰਨ ਦੇ ਯੋਗ ਹੋਵੇਗਾ ਅਤੇ ਤੁਹਾਡੇ ਨਾਲ ਵਿਕਲਪਾਂ ਬਾਰੇ ਚਰਚਾ ਕਰੇਗਾ।

Millfield House SARC Derbyshire
MOUNTAIN HEALTHCARE

Millfield House ਫੋਰੈਂਸਿਕ ਸਬੂਤ ਇਕੱਠੇ ਕਰਨ ਅਤੇ ਸਟੋਰ ਕਰਨ ਦੇ ਸਮਰਥ ਹੈ। ਇਹ ਤੁਹਾਨੂੰ ਪੁਲਿਸ ਨੂੰ ਸੂਚਿਤ ਕਰਨ ਜਾਂ ਨਾ ਕਰਨ ਦਾ ਫੈਸਲਾ ਲੈਣ ਤੋਂ ਪਹਿਲਾਂ, ਨਿਰੰਤਰ ਸਹਾਇਤਾ ਪ੍ਰਾਪਤ ਕਰਨ ਦਾ ਮੌਕਾ ਦਿੰਦਾ ਹੈ।

24 ਘੰਟੇ, ਪੂਰੇ ਹਫ਼ਤੇ, 365 ਦਿਨ ਦਾ ਸੰਪਰਕ ਨੰਬਰ: **0330 223 0099**

Millfield House ਵਿਖੇ ਹਾਜ਼ਰੀ ਸਿਰਫ਼ ਅਪੋਇੰਟਮੈਂਟ ਦੁਆਰਾ ਹੀ ਸੰਭਵ ਹੈ।

www.millfieldhousesarc.co.uk

**Millfield House ਜਾਣ ਲਈ ਤੁਹਾਡੇ ਲਈ ਪੁਲਿਸ ਕੋਲ ਜਿਨਸੀ ਅਪਰਾਧ ਦੀ ਰਿਪੋਰਟ ਕਰਨਾ ਜ਼ਰੂਰੀ ਨਹੀਂ ਹੈ।**

## SV2 (Supporting Victims of Sexual Violence)

SV2 (Supporting Victims of Sexual Violence) ਜਿਨਸੀ ਹਿੰਸਾ ਦੇ ਹਾਲੀਆ ਅਤੇ ਪੁਰਾਣੇ ਦੋਵਾਂ ਤਰ੍ਹਾਂ ਦੇ ਪੀੜਤਾਂ ਲਈ ਸਹਾਇਤਾ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰਦਾ ਹੈ ਜਿਸ ਵਿੱਚ ਕਾਉਂਸਲਿੰਗ, ਥੈਰੇਪੀ ਅਤੇ Independent Sexual Violence Advisors (ISVAs) ਸ਼ਾਮਲ ਹਨ।
SV2 ਕਿਸੇ ਵੀ ਉਮਰ ਦੇ ਸਾਰੇ ਲਿੰਗਕ ਲੋਕਾਂ ਦੀ ਸਹਾਇਤਾ ਕਰਦਾ ਹੈ ਅਤੇ ਇਸ ਦੀਆਂ ਸਾਰੀਆਂ ਸੇਵਾਵਾਂ ਡਰਬੀਸ਼ਾਇਰ ਵਿੱਚ ਬਾਲਗਾਂ ਅਤੇ ਬੱਚਿਆਂ ਲਈ ਉਪਲਬਧ ਹਨ।

ਆਪਣੇ ਵਿਕਲਪਾਂ ਬਾਰੇ ਚਰਚਾ ਕਰਨ ਲਈ SV2 ਨੂੰ ਕਾਲ ਕਰੋ **01773 746115**

**www.sv2.org.uk**

## SAIL (ਜਿਨਸੀ ਸ਼ੋਸ਼ਣ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੁਆਰਾ ਜਿਨਸੀ ਸ਼ੋਸ਼ਣ ਦੀ ਹੈਲਪਲਾਈਨ)

SAIL ਡਰਬੀਸ਼ਾਇਰ ਵਿੱਚ 18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਉਨ੍ਹਾਂ ਬਾਲਗਾਂ ਲਈ ਮੁਫ਼ਤ, ਮਾਹਰ ਕਾਉਂਸਲਿੰਗ, ਡਰਾਮਾ ਥੈਰੇਪੀ, ਆਰਟ ਥੈਰੇਪੀ ਅਤੇ ਹੋਰ ਪੂਰਕ ਥੈਰੇਪੀਆਂ ਦੀ ਪੇਸ਼ਕਸ਼ ਕਰਦਾ ਹੈ ਜਿਨ੍ਹਾਂ ਨੇ ਜਿਨਸੀ ਸ਼ੋਸ਼ਣ, ਨਜ਼ਦੀਕੀ ਰਿਸ਼ਤੇਦਾਰਾਂ ਦੁਆਰਾ ਜਿਨਸੀ ਸ਼ੋਸ਼ਣ ਜਾਂ ਜਿਨਸੀ ਹਿੰਸਾ ਦਾ ਸਾਹਮਣਾ ਕੀਤਾ ਹੈ। ਕਾਉਂਸਲਿੰਗ ਪੂਰੀ ਕਰਨ ਵਾਲਿਆਂ ਲਈ ਪੀਅਰ ਗਰੁੱਪ (ਸਾਥੀ ਸਮੂਹ) ਅਤੇ ਮੁਵ-ਆਨ ਗਰੁੱਪ ਉਪਲਬਧ ਹਨ।

SAIL ਹੈਲਪਲਾਈਨ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਉਪਲਬਧ ਹੈ: **0800 028 2678**

**www.sailderbyshire.org.uk**

## ਡਰਬੀਸ਼ਾਇਰ ਪੁਲਿਸ

ਡਰਬੀਸ਼ਾਇਰ ਦੀ ਪੁਲਿਸ ਕੋਲ **Specialist Trained Officers (STOs)** ਅਤੇ ਟੀਮਾਂ ਹਨ ਜੋ ਅਪਰਾਧ ਦੀ ਰਿਪੋਰਟ ਕਰਨ ਵੇਲੇ ਅਤੇ ਅਪਰਾਧਿਕ ਨਿਆਂ ਪ੍ਰਕਿਰਿਆ ਦੌਰਾਨ ਤੁਹਾਡੀ ਸਹਾਇਤਾ ਕਰਨਗੀਆਂ। ਉਹ ਇਸ ਬਾਰੇ ਵੀ ਸਲਾਹ ਅਤੇ ਮਾਰਗਦਰਸ਼ਨ ਪ੍ਰਦਾਨ ਕਰਨਗੇ ਕਿ ਮਾਹਰ ਜਿਨਸੀ ਹਿੰਸਾ ਸਹਾਇਤਾ ਕਿੱਥੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਐਮਰਜੈਂਸੀ ਨੰਬਰ: **999**

ਗੈਰ-ਐਮਰਜੈਂਸੀ ਨੰਬਰ: **101**

**www.derbyshire.police.uk**

## Independent Sexual Violence Advisor (ISVA)

ਇੱਕ Independent Sexual Violence Advisor (ISVA) ਭਾਵਨਾਤਮਕ ਅਤੇ ਵਿਹਾਰਕ ਸਹਾਇਤਾ ਪ੍ਰਦਾਨ ਕਰ ਸਕਦਾ ਹੈ, ਜਿਸ ਵਿੱਚ ਸੁਰੱਖਿਆ ਵਿਕਲਪਾਂ ਬਾਰੇ ਜਾਣਕਾਰੀ ਅਤੇ ਤੁਹਾਡੇ ਅਧਿਕਾਰਾਂ ਅਤੇ ਤੁਹਾਡੇ ਲਈ ਉਪਲਬਧ ਸੇਵਾਵਾਂ ਨੂੰ ਸਮਝਣ ਵਿੱਚ ਮਦਦ ਸ਼ਾਮਲ ਹੋ ਸਕਦੀ ਹੈ। ਇੱਕ ISVA ਪੁਲਿਸ ਤੋਂ ਸੁਤੰਤਰ ਹੁੰਦਾ ਹੈ ਅਤੇ ਤੁਹਾਨੂੰ ਪੁਲਿਸ ਪ੍ਰਕਿਰਿਆਵਾਂ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਦੀ ਵਿਆਖਿਆ ਪ੍ਰਦਾਨ ਕਰ ਸਕਦਾ ਹੈ। ਉਹ ਤੁਹਾਡੇ ਵੱਲੋਂ ਪੁਲਿਸ, ਅਦਾਲਤਾਂ, Crown Prosecution Service (CPS) ਅਤੇ ਹੋਰ ਏਜੰਸੀਆਂ ਨਾਲ ਤਾਲਮੇਲ ਕਰਨ ਦੇ ਯੋਗ ਹਨ। ਇਹ ਸਹਾਇਤਾ ਉਪਲਬਧ ਹੈ, ਚਾਹੇ ਤੁਸੀਂ ਪੁਲਿਸ ਨੂੰ ਰਿਪੋਰਟ ਕਰਨ ਦੀ ਚੋਣ ਕਰੋ ਜਾਂ ਨਾ।

ਜੇਕਰ ਤੁਸੀਂ ਫੌਜਦਾਰੀ ਕਾਰਵਾਈ ਨਹੀਂ ਕਰਨਾ ਚਾਹੁੰਦੇ ਹੋ, ਤਾਂ ਵੀ ਇੱਕ ISVA ਤੁਹਾਡੀ ਸਹਾਇਤਾ ਕਰ ਸਕਦਾ ਹੈ।

# ਕਿਸੇ ਅਜ਼ੀਜ਼ ਦੀ ਸਹਾਇਤਾ ਕਰਨਾ ਜਿਸ ਦਾ ਜਿਨਸੀ ਸ਼ੋਸ਼ਣ ਜਾਂ ਬਲਾਤਕਾਰ ਹੋਇਆ ਹੋਵੇ

ਤੁਹਾਡਾ ਦੋਸਤ, ਰਿਸ਼ਤੇਦਾਰ ਜਾਂ ਸਾਥੀ ਇਹ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਕੀ ਵਾਪਰਿਆ ਹੈ। ਇਸ ਵਿੱਚ ਸਮਾਂ ਲੱਗ ਸਕਦਾ ਹੈ, ਪਰ ਤੁਹਾਡੀ ਸਹਾਇਤਾ ਅਨਮੋਲ ਹੈ।

SV2 ਅਤੇ SAIL ਇਸ ਸਮੇਂ ਦੌਰਾਨ ਤੁਹਾਡੇ ਲਈ ਵਾਧੂ ਸਹਾਇਤਾ ਪ੍ਰਦਾਨ ਕਰ ਸਕਦੇ ਹਨ। ਉਹ ਤੁਹਾਡੀਆਂ ਆਪਣੀਆਂ ਭਾਵਨਾਵਾਂ ਅਤੇ ਜਜ਼ਬਾਤਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ, ਕਿਸੇ ਵੀ ਸਵਾਲ ਦਾ ਜਵਾਬ ਦੇ ਸਕਦੇ ਹਨ, ਅਤੇ ਉਨ੍ਹਾਂ ਤਰੀਕਿਆਂ 'ਤੇ ਵਿਚਾਰ ਕਰ ਸਕਦੇ ਹਨ ਜਿਨ੍ਹਾਂ ਰਾਹੀਂ ਤੁਸੀਂ ਆਪਣੇ ਕਰੀਬੀ ਵਿਅਕਤੀ ਦੀ ਸਹਾਇਤਾ ਕਰ ਸਕਦੇ ਹੋ।

ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਤੁਸੀਂ ਜੋ ਕੁਝ ਵੀ ਕਰ ਸਕਦੇ ਹੋ ਉਹ ਸਿਰਫ ਆਪਣੀ ਪੂਰੀ ਕੋਸ਼ਿਸ਼ ਹੈ। ਕਈ ਵਾਰ ਬਿਨਾਂ ਬੋਲੇ ਸਿਰਫ਼ ਉਸ ਵਿਅਕਤੀ ਨਾਲ ਬੈਠਣਾ ਵੀ ਮਦਦ ਕਰ ਸਕਦਾ ਹੈ।

**ਹੇਠਾਂ ਦਿੱਤੇ ਕੁਝ ਸਧਾਰਨ ਦਿਸ਼ਾ-ਨਿਰਦੇਸ਼ ਤੁਹਾਨੂੰ ਇਸ ਬਾਰੇ ਕੁਝ ਵਿਚਾਰ ਦੇ ਸਕਦੇ ਹਨ ਕਿ ਤੁਸੀਂ ਕਿਵੇਂ ਮਦਦ ਕਰ ਸਕਦੇ ਹੋ:**

- ਸੁਣੋ, ਪਰ ਵੇਰਵੇ ਪੁੱਛਣ ਦੀ ਕੋਸ਼ਿਸ਼ ਨਾ ਕਰੋ। ਉਨ੍ਹਾਂ ਦੇ ਦੱਸਣ ਦੀ ਉਡੀਕ ਕਰੋ ਅਤੇ ਜੇਕਰ ਉਹ ਤੁਹਾਨੂੰ ਭਰੋਸੇ ਵਿੱਚ ਲੈ ਕੇ ਕੁਝ ਦੱਸਦੇ ਹਨ, ਤਾਂ ਇਹ ਯਕੀਨੀ ਬਣਾਓ ਕਿ ਤੁਸੀਂ ਕਿਸੇ ਹੋਰ ਨੂੰ ਨਾ ਦੱਸੋ। ਹੋ ਸਕਦਾ ਹੈ ਕਿ ਉਹ ਤੁਹਾਨੂੰ ਸਭ ਕੁਝ ਨਾ ਦੱਸਣਾ ਚਾਹੁਣ। ਉਨ੍ਹਾਂ ਨੂੰ ਦੱਸੋ ਕਿ ਜਦੋਂ ਵੀ ਉਹ ਗੱਲ ਕਰਨਾ ਚਾਹੁਣ, ਤੁਸੀਂ ਸੁਣਨ ਲਈ ਤਿਆਰ ਹੋ। ਇਹ ਨਾ ਪੁੱਛੋ ਕਿ ਬਲਾਤਕਾਰ ਜਾਂ ਜਿਨਸੀ ਸ਼ੋਸ਼ਣ ਕਿਉਂ ਹੋਇਆ ਜਾਂ ਉਨ੍ਹਾਂ ਨੇ ਇਸ ਨੂੰ ਹੋਣ ਤੋਂ ਕਿਉਂ ਨਹੀਂ ਰੋਕਿਆ। ਇਹ ਅਜਿਹਾ ਲੱਗ ਸਕਦਾ ਹੈ ਜਿਵੇਂ ਤੁਸੀਂ ਉਹਨਾਂ ਨੂੰ ਦੋਸ਼ੀ ਠਹਿਰਾ ਰਹੇ ਹੋ, ਭਾਵੇਂ ਤੁਹਾਡੇ ਦਿਲ ਵਿੱਚ ਉਹਨਾਂ ਦਾ ਭਲਾ ਹੀ ਹੋਵੇ।
- ਜੋ ਉਹ ਕਹਿ ਰਹੇ ਹਨ, ਉਸ ‘ਤੇ ਵਿਸ਼ਵਾਸ ਕਰੋ। ਇਹ ਆਪਣੇ ਹਾਵ-ਭਾਵਾਂ ਅਤੇ ਚਿਹਰੇ ਦੇ ਪ੍ਰਭਾਵਾਂ ਰਾਹੀਂ ਜ਼ਾਹਰ ਕਰੋ ਅਤੇ ਉਨ੍ਹਾਂ ਨੂੰ ਦੱਸੋ ਕਿ ਤੁਸੀਂ ਉਨ੍ਹਾਂ 'ਤੇ ਵਿਸ਼ਵਾਸ ਕਰਦੇ ਹੋ।
- ਜਦੋਂ ਉਹ ਰੋਣਾ ਚਾਹੁਣ, ਉਹਨਾਂ ਨੂੰ ਰੋਣ ਦਿਓ। ਤੁਹਾਨੂੰ ਇਸ ਨਾਲ ਪਰੇਸ਼ਾਨੀ ਵੀ ਹੋ ਸਕਦੀ ਹੈ, ਪਰ ਇਹ ਮਹੱਤਵਪੂਰਨ ਹੈ ਕਿ ਉਹ ਆਪਣੀਆਂ ਭਾਵਨਾਵਾਂ ਨੂੰ ਜ਼ਾਹਰ ਕਰਨ ਸਕਣ।
- ਉਨ੍ਹਾਂ ਦੀ ਨਿੱਜੀ ਸਪੇਸ ਦਾ ਸਤਿਕਾਰ ਕਰੋ। ਉਹ ਸ਼ਾਇਦ ਨਾ ਚਾਹੁਣ ਕਿ ਤੁਸੀਂ ਉਨ੍ਹਾਂ ਨੂੰ ਛੂਹੋ, ਭਾਵੇਂ ਤੁਹਾਡੀ ਨੀਅਤ ਸਾਫ਼ ਹੋਵੇ ਅਤੇ ਤੁਸੀਂ ਦਿਲਾਸਾ ਦੇਣ ਲਈ ਉਨ੍ਹਾਂ ਨੂੰ ਗਲੇ ਲਗਾ ਰਹੇ ਹੋਵੋ। ਉਨ੍ਹਾਂ ਨੂੰ ਪੁੱਛੋ ਕਿ ਕੀ ਇਹ ਠੀਕ ਹੈ ਅਤੇ ਉਨ੍ਹਾਂ ਨੂੰ ਪਹਿਲ ਕਰਨ ਦਿਓ। ਜੇਕਰ ਤੁਹਾਡਾ ਉਹਨਾਂ ਨਾਲ ਜਿਨਸੀ ਸੰਬੰਧ ਹੈ, ਤਾਂ ਇਸ ਗੱਲ ਨੂੰ ਸਵੀਕਾਰ ਕਰੋ ਕਿ ਉਹ ਇਸ ਸਮੇਂ ਜਿਨਸੀ ਸੰਬੰਧਾਂ ਨੂੰ ਡਰਾਉਣਾ ਮਹਿਸੂਸ ਕਰ ਸਕਦੇ ਹਨ। ਉਸ ਦਾ ਸਤਿਕਾਰ ਕਰੋ, ਅਤੇ ਜਿਨਸੀ ਸੰਬੰਧ ਸ਼ੁਰੂ ਕਰਨ ਦੀ ਕੋਸ਼ਿਸ਼ ਨਾ ਕਰੋ ਜਾਂ ਉਨ੍ਹਾਂ 'ਤੇ ਜਿਨਸੀ ਸੰਬੰਧ ਬਣਾਉਣ ਲਈ ਦਬਾਅ ਨਾ ਪਾਓ।

# ਤੁਹਾਡਾ ਫੈਸਲਾ

ਫੈਸਲਾ ਕਰਨਾ
ਕਿ ਪੁਲਿਸ ਨੂੰ ਰਿਪੋਰਟ ਕਰਨਾ ਹੈ ਜਾਂ ਨਹੀਂ

**ਜਿਨਸੀ ਹਮਲੇ ਜਾਂ ਜਿਨਸੀ ਸ਼ੋਸ਼ਣ ਦੀ ਰਿਪੋਰਟ ਕਰਨ ਦਾ ਫੈਸਲਾ ਬਹੁਤ ਨਿੱਜੀ ਹੁੰਦਾ ਹੈ ਅਤੇ ਇਹ ਇੱਕ ਮੁਸ਼ਕਲ ਚੋਣ ਹੋ ਸਕਦੀ ਹੈ। ਇਹ ਸਿਰਫ਼ ਤੁਹਾਡੀਆਂ ਲੋੜਾਂ 'ਤੇ ਅਧਾਰਤ ਹੋਣਾ ਚਾਹੀਦਾ ਹੈ, ਦੂਜੇ ਲੋਕਾਂ ਦੀਆਂ ਲੋੜਾਂ 'ਤੇ ਨਹੀਂ। ਸਹੀ ਫੈਸਲਾ ਉਹ ਹੈ ਜੋ ਤੁਹਾਡੇ ਲਈ ਸਭ ਤੋਂ ਵਧੀਆ ਹੋਵੇ ਅਤੇ ਕਿਸੇ ਹੋਰ ਨੂੰ ਤੁਹਾਡੇ ਲਈ ਇਹ ਫੈਸਲਾ ਨਹੀਂ ਕਰਨਾ ਚਾਹੀਦਾ।**

**ਅਸੀਂ ਸਮਝਦੇ ਹਾਂ ਕਿ ਤੁਹਾਡੇ ਨਾਲ ਜੋ ਕੁਝ ਵਾਪਰਿਆ ਹੈ ਉਸ ਨੂੰ ਸਵੀਕਾਰ ਕਰਨਾ ਬਹੁਤ ਪਰੇਸ਼ਾਨ ਕਰਨ ਵਾਲਾ ਹੈ ਅਤੇ ਤੁਹਾਡੇ ਕਈ ਸਵਾਲ ਹੋ ਸਕਦੇ ਹਨ...**

## ਇਹ ਕੁਝ ਸਮਾਂ ਪਹਿਲਾਂ ਵਾਪਰਿਆ ਸੀ। ਕੀਮੈਂਅਜੇ ਵੀ ਰਿਪੋਰਟ ਕਰ ਸਕਦਾ/ਸਕਦੀ ਹਾਂ?

**ਹਾਂ –** ਤੁਸੀਂ ਕਿਸੇ ਵੀ ਸਮੇਂ ਹੋਏ ਜਿਨਸੀ ਹਮਲੇ ਜਾਂ ਬਲਾਤਕਾਰ ਦੀ ਰਿਪੋਰਟ ਕਰ ਸਕਦੇ ਹੋ, ਭਾਵੇਂ ਇਹ ਮਹੀਨਿਆਂ, ਸਾਲਾਂ ਜਾਂ ਦਹਾਕਿਆਂ ਪਹਿਲਾਂ ਹੋਇਆ ਹੋਵੇ। Police ਹਰ ਰਿਪੋਰਟ ਨੂੰ ਗੰਭੀਰਤਾ ਨਾਲ ਲੈਂਦੀ ਹੈ, ਚਾਹੇ ਕਿੰਨਾ ਵੀ ਸਮਾਂ ਕਿਉਂ ਨਾ ਬੀਤ ਗਿਆ ਹੋਵੇ। ਅਸੀਂ ਸਮਝਦੇ ਹਾਂ ਕਿ ਆਪਣੇ ਨਾਲ ਹੋਈ ਘਟਨਾ ਬਾਰੇ ਦੱਸਣ ਵਿੱਚ ਕਿਸੇ ਕੋਲ ਦੇਰੀ ਕਰਨ ਦੇ ਕਈ ਕਾਰਨ ਹੋ ਸਕਦੇ ਹਨ। ਅਸੀਂ ਇਹ ਵੀ ਜਾਣਦੇ ਹਾਂ ਕਿ ਪੀੜਤਾਂ ਨੂੰ ਇਹ ਅਹਿਸਾਸ ਕਰਨ ਵਿੱਚ ਸਮਾਂ ਲੱਗਣਾ ਆਮ ਗੱਲ ਹੈ ਕਿ ਜੋ ਕੁਝ ਵਾਪਰਿਆ ਹੈ ਉਹ ਇੱਕ ਅਪਰਾਧ ਹੈ, ਜਾਂ ਕਈ ਕਾਰਨਾਂ ਕਰਕੇ, ਉਹ ਘਟਨਾ ਦੀ ਤੁਰੰਤ ਰਿਪੋਰਟ ਕਰਨ ਲਈ ਖੁਦ ਨੂੰ ਤਿਆਰ ਮਹਿਸੂਸ ਨਹੀਂ ਕਰ ਸਕਦੇ।

## ਮੈਨੂੰ ਚਿੰਤਾ ਹੈ ਕਿ ਮੈਂ ਰਿਪੋਰਟ ਨਹੀਂ ਕਰ ਸਕਦਾ/ਸਕਦੀ ਕਿਉਂਕਿ ਮੈਨੂੰ ਲਗਦਾ ਹੈ ਕਿ ਮੈਨੂੰ ਹੀ ਦੋਸ਼ੀ ਠਹਿਰਾਇਆ ਜਾਵੇਗਾ

ਜਿਨਸੀ ਹਿੰਸਾ ਬਾਰੇ ਕੁਝ ਅਜਿਹੀਆਂ ਆਮ ਧਾਰਨਾਵਾਂ ਅਤੇ ਗਲਤ-ਫਹਿਮੀਆਂ ਹਨ ਜੋ ਤੁਹਾਨੂੰ ਇਹ ਮਹਿਸੂਸ ਕਰਵਾ ਸਕਦੀਆਂ ਹਨ ਕਿ ਤੁਸੀਂ ਦੋਸ਼ੀ ਹੋ, ਜਿਵੇਂ ਕਿ...

**“ਮੈਂ ਵਿਰੋਧ ਨਹੀਂ ਕੀਤਾ”**
ਕਈ ਵਾਰ ਲੋਕ ਬਹੁਤ ਡਰੇ ਹੋਏ ਹੁੰਦੇ ਹਨ ਕਿ ਉਹ ਵਿਰੋਧ ਨਹੀਂ ਕਰ ਪਾਉਂਦੇ। ਇਹ ਇਸ ਲਈ ਹੋ ਸਕਦਾ ਹੈ ਕਿਉਂਕਿ ਉਹ ਸੁਭਾਵਿਕ ਤੌਰ 'ਤੇ 'ਸੁੰਨ' ਹੋ ਜਾਂਦੇ ਹਨ ਜਾਂ ਫਿਰ ਇਸ ਲਈ ਕਿ ਉਸ ਸਮੇਂ ਵਿਰੋਧ ਨਾ ਕਰਨਾ ਹੀ ਸਭ ਤੋਂ ਸੁਰੱਖਿਅਤ ਵਿਕਲਪ ਹੁੰਦਾ ਹੈ। ਉਹ ਦੋਵੇਂ ਹੀ ਸੁਭਾਵਕ ਪ੍ਰਤਿਕਿਰਿਆਵਾਂ ਹਨ। ਵਿਰੋਧ ਨਾ ਕਰਨ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਦੋਸ਼ੀ ਹੋ।

**"ਮੈਂ ਛੋਟੇ ਕੱਪੜੇ ਪਾਏ ਹੋਏ ਸਨ"**
ਜਿਨਸੀ ਹਿੰਸਾ ਉਸ ਬਾਰੇ ਹੈ ਜੋ ਤੁਹਾਡੀ ਸਹਿਮਤੀ ਤੋਂ ਬਿਨਾਂ ਵਾਪਰੀ ਹੈ। ਇਸ ਦਾ ਤੁਹਾਡੇ ਕੱਪੜਿਆਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਚਾਹੇ ਤੁਸੀਂ ਉਸ ਸਮੇਂ ਅਜਿਹੇ ਕੱਪੜੇ ਪਾਏ ਹੋਣ, ਤੁਹਾਡਾ ਦੋਸ਼ ਨਹੀਂ ਹੈ।

**“ਮੈਂ ਉਸ ਵਿਅਕਤੀ ਨਾਲ ਕਿਸੇ ਨਿੱਜੀ ਥਾਂ ’ਤੇ ਜਾਣ ਦੀ ਚੋਣ ਕੀਤੀ ਸੀ, ਜਿਵੇਂ ਕਿ ਉਸਦਾ ਘਰ ਜਾਂ ਹੋਟਲ ਦਾ ਕਮਰਾ”**
ਕਿਸੇ ਨਾਲ ਨਿੱਜੀ ਥਾਂ ’ਤੇ ਜਾਣ ਦੀ ਚੋਣ ਕਰਨ ਦੇ ਕਈ ਕਾਰਨ ਹੋ ਸਕਦੇ ਹਨ, ਅਤੇ ਕਿਸੇ ਨਿੱਜੀ ਥਾਂ ’ਤੇ ਹੋਣ ਦੀ ਚੋਣ ਕਰਨ ਦਾ ਮਤਲਬ ਜਿਨਸੀ ਗਤੀਵਿਧੀ ਲਈ ਸਹਿਮਤੀ ਦੇਣਾ ਨਹੀਂ ਹੈ। ਕਿਸੇ ਨਾਲ ਨਿੱਜੀ ਥਾਂ ‘ਤੇ ਜਾਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਦੋਸ਼ੀ ਹੋ।

**“ਮੈਂ ਨਸ਼ੇ ਵਿੱਚ ਸੀ/ਮੈਂ ਨਸ਼ੀਲੇ ਪਦਾਰਥ ਲਏ ਹੋਏ ਸਨ”**
ਜੇਕਰ ਕੋਈ ਵਿਅਕਤੀ ਨਸ਼ੇ ਵਿੱਚ ਹੈ ਜਾਂ ਉਸਨੇ ਨਸ਼ੀਲੇ ਪਦਾਰਥ ਲਏ ਹਨ, ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਉਸਨੇ ਸੈਕਸ ਲਈ ਸਹਿਮਤੀ ਦਿੱਤੀ ਹੈ। ਹਾਲਾਂਕਿ, ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਉਹ ਸਹਿਮਤੀ ਦੇਣ ਦੇ ਯੋਗ ਨਹੀਂ ਹਨ ਕਿਉਂਕਿ ਉਹਨਾਂ ਕੋਲ ਚੋਣ ਕਰਨ ਦੀ ਸਮਰੱਥਾ ਨਹੀਂ ਹੈ।

ਅਸੀਂ ਸਮਝਦੇ ਹਾਂ ਕਿ ਰਿਪੋਰਟ ਕਰਨ ਬਾਰੇ ਫੈਸਲਾ ਲੈਣਾ ਮੁਸ਼ਕਲ ਹੋ ਸਕਦਾ ਹੈ। ਜੇਕਰ ਤੁਸੀਂ ਇਸ ਸੰਬੰਧੀ ਜਾਂ ਰਿਪੋਰਟ ਕਰਨ ਦੀ ਪ੍ਰਕਿਰਿਆ ਦੌਰਾਨ ਸਹਾਇਤਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਕਿਤਾਬਚੇ ਦੇ ਅੰਦਰ **Independent Sexual Violence Advisor (ISVA)** ਅਤੇ Millfield House ਵਾਲੇ ਭਾਗ ਦੇਖੋ।

**ਯਾਦ ਰੱਖੋ ਕਿ ਸਾਰੇ ਬਲਾਤਕਾਰ, ਜਿਨਸੀ ਹਮਲੇ ਜਾਂ ਜਿਨਸੀ ਸ਼ੋਸ਼ਣ ਦੀ ਜ਼ਿੰਮੇਵਾਰੀ ਹਮੇਸ਼ਾ ਉਸ ਵਿਅਕਤੀ ਦੀ ਹੁੰਦੀ ਹੈ ਜਿਸ ਨੇ ਤੁਹਾਡੇ 'ਤੇ ਹਮਲਾ ਕੀਤਾ ਹੈ। ਤੁਸੀਂ ਦੋਸ਼ੀ ਨਹੀਂ ਹੋ।**

## ਸਹਿਮਤੀ ਬਾਰੇ ਕੁਝ ਯਾਦ ਰੱਖਣਯੋਗ ਚੀਜ਼ਾਂ

ਸਹਿਮਤੀ ਨੂੰ ਜਿਨਸੀ ਗਤੀਵਿਧੀ ਵਿੱਚ ਸ਼ਾਮਲ ਲੋਕਾਂ ਵਿਚਕਾਰ ਇੱਕ ਸਹਿਮਤੀ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ, ਜਿੱਥੇ ਸ਼ਾਮਲ ਹਰ ਵਿਅਕਤੀ ਕੋਲ ਚੋਣ ਕਰਨ ਦੀ ਆਜ਼ਾਦੀ ਅਤੇ ਸਮਰੱਥਾ ਹੁੰਦੀ ਹੈ।

ਜੇਕਰ ਤੁਹਾਡੇ ਨਾਲ ਹਿੰਸਾ ਹੋ ਰਹੀ ਹੈ, ਤੁਹਾਨੂੰ ਹਿੰਸਾ ਦਾ ਡਰ ਹੈ, ਜਾਂ ਸ਼ਰਾਬ, ਨਸ਼ੀਲੇ ਪਦਾਰਥਾਂ ਦੇ ਸੇਵਨ ਕਾਰਨ ਜਾਂ ਤੁਹਾਡੇ ਸੁੱਤੇ ਹੋਣ ਕਰਕੇ ਤੁਹਾਡੇ ਵਿੱਚ ਫੈਸਲਾ ਲੈਣ ਦੀ ਸਮਰੱਥਾ ਨਹੀਂ ਹੈ, ਤਾਂ ਤੁਸੀਂ ਸਹਿਮਤੀ ਨਹੀਂ ਦੇ ਸਕਦੇ।

ਤੁਹਾਨੂੰ ਜਿਨਸੀ ਗਤੀਵਿਧੀ ਲਈ ਅਜੇ ਵੀ ਸਹਿਮਤੀ ਦੀ ਲੋੜ ਹੁੰਦੀ ਹੈ ਭਾਵੇਂ ਤੁਸੀਂ ਕਿਸੇ ਰਿਸ਼ਤੇ ਵਿੱਚ ਹੋਵੋ।

ਜਿਨਸੀ ਗਤੀਵਿਧੀ ਦੀ ਸਹਿਮਤੀ ਇੱਕ ਕਿਸਮ ਦੀ ਜਿਨਸੀ ਗਤੀਵਿਧੀ ਲਈ ਦਿੱਤੀ ਜਾ ਸਕਦੀ ਹੈ ਪਰ ਦੂਜੀ ਲਈ ਨਹੀਂ।

ਜਿਨਸੀ ਗਤੀਵਿਧੀ ਦੌਰਾਨ ਕਿਸੇ ਵੀ ਸਮੇਂ ਅਤੇ ਹਰ ਵਾਰ ਗਤੀਵਿਧੀ ਹੋਣ 'ਤੇ ਸਹਿਮਤੀ ਵਾਪਸ ਲਈ ਜਾ ਸਕਦੀ ਹੈ। ਤੁਸੀਂ ਹਮੇਸ਼ਾ ਆਪਣਾ ਮਨ ਬਦਲ ਸਕਦੇ ਹੋ - ਇਹ ਤੁਹਾਡਾ ਅਧਿਕਾਰ ਹੈ

Police ਅਤੇ Crown Prosecution Service (CPS) ਹਮੇਸ਼ਾ ਇਹ ਦੇਖਣਗੇ ਕਿ ਸ਼ੱਕੀ ਵਿਅਕਤੀ ਨੇ ਇਹ ਜਾਣਨ ਲਈ ਕੀ ਕਦਮ ਚੁੱਕੇ ਸਨ ਕਿ ਦੂਜਾ ਵਿਅਕਤੀ ਉਸ ਖਾਸ ਜਿਨਸੀ ਗਤੀਵਿਧੀ ਲਈ ਸਹਿਮਤ ਸੀ;
ਇਸ ਨੂੰ 'ਸਹਿਮਤੀ ਵਿੱਚ ਵਾਜਬ ਵਿਸ਼ਵਾਸ' (reasonable belief in consent) ਕਿਹਾ ਜਾਂਦਾ ਹੈ।

ਉਲਝਣ ਮਹਿਸੂਸ ਕਰਨਾ ਠੀਕ ਹੈ। ਸਹਾਇਤਾ ਤੁਹਾਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰ ਸਕਦੀ ਹੈ ਕਿ ਤੁਹਾਡੇ ਲਈ ਕੀ ਸਹੀ ਹੈ।

# ISVA

## Independent Sexual Violence Advisor ਕੀ ਪੇਸ਼ਕਰਸ਼ ਕਰ ਸਕਦਾ ਹੈ

## Independent Sexual Violence Advisors (ISVA)

ਇੱਕ Independent Sexual Violence Advisor (ISVA) ਬਲਾਤਕਾਰ, ਜਿਨਸੀ ਹਮਲੇ ਜਾਂ ਬਚਪਨ ਦੇ ਸ਼ੋਸ਼ਣ ਦੇ ਪ੍ਰਭਾਵਾਂ ਨਾਲ ਨਜਿੱਠਣ ਵਿੱਚ ਤੁਹਾਡੀ ਮਦਦ ਕਰਨ ਲਈ ਭਾਵਨਾਤਮਕ ਅਤੇ ਵਿਵਹਾਰਕ ਸਹਾਇਤਾ ਪ੍ਰਦਾਨ ਕਰ ਸਕਦਾ ਹੈ। ਉਹ ਤੁਹਾਨੂੰ ਸੁਰੱਖਿਆ ਵਿਕਲਪਾਂ ਬਾਰੇ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ, ਅਤੇ ਤੁਹਾਡੇ ਅਧਿਕਾਰਾਂ ਅਤੇ ਤੁਹਾਡੇ ਲਈ ਉਪਲਬਧ ਸੇਵਾਵਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਇੱਕ ISVA ਤੁਹਾਡੇ ਕੰਮ, ਰਿਹਾਇਸ਼, ਲਾਭਾਂ ਸਮੇਤ ਹੋਰ ਏਜੰਸੀਆਂ ਨਾਲ ਗੱਲਬਾਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਜੇਕਰ ਲੋੜ ਹੋਵੇ, ਤਾਂ ਹੋਰ ਸੇਵਾਵਾਂ ਲਈ ਰੈਫਰਲ (ਸਿਫ਼ਾਰਸ਼) ਕਰ ਸਕਦਾ ਹੈ।

ਜੇਕਰ ਤੁਸੀਂ ਅਪਰਾਧਿਕ ਕਾਰਵਾਈ ਨਹੀਂ ਕਰਨਾ ਚਾਹੁੰਦੇ ਹੋ, ਤਾਂ ਵੀ ਇੱਕ ISVA ਤੁਹਾਡੀ ਭਾਵਨਾਤਮਕ ਅਤੇ ਸਰੀਰਕ ਤੰਦਰੁਸਤੀ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ। ਇੱਕ ISVA ਪੁਲਿਸ ਤੋਂ ਸੁਤੰਤਰ ਹੁੰਦਾ ਹੈ।

ਤੁਹਾਡਾ ISVA ਹਮੇਸ਼ਾ ਇਹ ਯਕੀਨੀ ਬਣਾਏਗਾ ਕਿ ਤੁਸੀਂ ਸਭ ਕੁਝ ਸਮਝਦੇ ਹੋ ਅਤੇ ਸਹਿਜ ਮਹਿਸੂਸ ਕਰਦੇ ਹੋ।

## Criminal Justice System ਵਿੱਚ ਸਹਾਇਤਾ

ਇੱਕ ISVA ਤੁਹਾਨੂੰ ਪੁਲਿਸ ਪ੍ਰਕਿਰਿਆਵਾਂ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਦੀ ਵਿਆਖਿਆ ਪ੍ਰਦਾਨ ਕਰ ਸਕਦਾ ਹੈ। ਜੇਕਰ ਤੁਸੀਂ Police ਨੂੰ ਰਿਪੋਰਟ ਕਰਨ ਦੀ ਚੋਣ ਕਰਦੇ ਹੋ, ਤਾਂ ਇੱਕ ISVA ਪੂਰੀ ਕਾਨੂੰਨੀ ਪ੍ਰਕਿਰਿਆ ਦੌਰਾਨ ਤੁਹਾਡੀ ਸਹਾਇਤਾ ਕਰ ਸਕਦਾ ਹੈ, ਜਿਸ ਵਿੱਚ ਤੁਹਾਡੇ ਵੱਲੋਂ ਪੁਲਿਸ, ਅਦਾਲਤਾਂ, Crown Prosecution Service (CPS) ਅਤੇ ਹੋਰ ਏਜੰਸੀਆਂ ਨਾਲ ਤਾਲਮੇਲ ਕਰਨਾ ਸ਼ਾਮਲ ਹੋ ਸਕਦਾ ਹੈ। ਉਹ ਤੁਹਾਨੂੰ ਤੁਹਾਡੇ ਕੇਸ ਦੀਆਂ ਅਗਲੀਆਂ ਕਾਰਵਾਈਆਂ ਬਾਰੇ ਸੂਚਿਤ ਕਰਦੇ ਰਹਿਣਗੇ। ਉਹ ਪ੍ਰੀ-ਟ੍ਰਾਇਲ ਮੁਲਾਕਾਤਾਂ ਅਤੇ ਵਿਸ਼ੇਸ਼ ਉਪਾਵਾਂ ਦਾ ਪ੍ਰਬੰਧ ਵੀ ਕਰ ਸਕਦੇ ਹਨ, ਅਤੇ ਕਿਸੇ ਵੀ ਮੁਕੱਦਮੇ ਤੋਂ ਪਹਿਲਾਂ ਅਤੇ ਉਸ ਦੌਰਾਨ ਤੁਹਾਡੀ ਸਹਾਇਤਾ ਕਰ ਸਕਦੇ ਹਨ।

## ਸੰਪਰਕ ਕਰਨਾ

ISVA ਸੇਵਾਵਾਂ SV2 ਅਤੇ SAIL ਦੇ ਅੰਦਰ ਸਥਿਤ ਹਨ। ਤੁਸੀਂ ISVA ਸੇਵਾਵਾਂ ਨਾਲ ਸਿੱਧਾ ਸੰਪਰਕ ਕਰ ਸਕਦੇ ਹੋ ਜਾਂ ਆਪਣੀ ਤਰਫੋਂ ਕਿਸੇ ਹੋਰ ਨੂੰ ਕਹਿ ਸਕਦੇ ਹੋ। ਇਸ ਵਿੱਚ ਕੋਈ ਸੰਸਥਾ ਜਾਂ ਤੁਹਾਡੀ ਸਹਾਇਤਾ ਕਰਨ ਵਾਲਾ ਕੋਈ ਵਿਅਕਤੀ ਸ਼ਾਮਲ ਹੋ ਸਕਦਾ ਹੈ, ਜਿਵੇਂ ਕਿ ਕੋਈ ਦੋਸਤ, ਪਰਿਵਾਰਕ ਮੈਂਬਰ, NHS ਜਾਂ Police. ਜੇਕਰ ਤੁਹਾਨੂੰ ਕਿਸੇ ਪੁਰਸ਼ ISVA ਦੀ ਲੋੜ ਹੈ, ਤਾਂ ਕਿਰਪਾ ਕਰਕੇ ਟੀਮ ਨੂੰ ਦੱਸੋ।

## ISVA ਰੈਫਰਲ

ਜਦੋਂ ਤੁਹਾਡਾ ਰੈਫਰਲ ਪ੍ਰਾਪਤ ਹੋ ਜਾਂਦਾ ਹੈ, ਤਾਂ ਤੁਹਾਨੂੰ ਇੱਕ ISVA ਨਾਲ ਸ਼ੁਰੂਆਤੀ ਮੁਲਾਕਾਤ ਦੀ ਪੇਸ਼ਕਸ਼ ਕੀਤੀ ਜਾਵੇਗੀ। ਇਹ ਮੁਲਾਕਾਤ ਲਗਭਗ 1 ਘੰਟਾ ਚੱਲੇਗੀ ਅਤੇ ਤੁਹਾਡਾ ISVA ਤੁਹਾਡੇ ਨਾਲ ਇੱਕ ਸੁਰੱਖਿਆ ਅਤੇ ਸਹਾਇਤਾ ਮੁਲਾਂਕਣ ਪੂਰਾ ਕਰੇਗਾ ਜੋ ਤੁਹਾਡੀ ਸਹਾਇਤਾ ਦੀਆਂ ਲੋੜਾਂ ਦੀ ਪਛਾਣ ਕਰਨ ਵਿੱਚ ਮਦਦ ਕਰੇਗਾ। ਤੁਹਾਨੂੰ ਕਿਸੇ ਵੀ ਅਜਿਹੀ ਗੱਲ 'ਤੇ ਚਰਚਾ ਕਰਨ ਦੀ ਲੋੜ ਨਹੀਂ ਹੈ ਜਿਸ ਬਾਰੇ ਤੁਸੀਂ ਨਹੀਂ ਚਾਹੁੰਦੇ। ਇੱਕ ਵਾਰ ਮੁਲਾਂਕਣ ਪੂਰਾ ਹੋ ਜਾਣ ਤੋਂ ਬਾਅਦ, ਤੁਸੀਂ ਅਤੇ ਤੁਹਾਡਾ ISVA ਤੁਹਾਡੇ ਵਿਕਲਪਾਂ ਬਾਰੇ ਚਰਚਾ ਕਰੋਗੇ ਅਤੇ ਇੱਕ ਸਹਾਇਤਾ ਯੋਜਨਾ 'ਤੇ ਸਹਿਮਤ ਹੋਵੋਗੇ।

ਜੋ ਕੁਝ ਵੀ ਤੁਸੀਂ ਆਪਣੇ ISVA ਨੂੰ ਦੱਸਦੇ ਹੋ, ਉਸਨੂੰ ਗੁਪਤ ਰੱਖਿਆ ਜਾਂਦਾ ਹੈ, ਅਤੇ ਤੁਹਾਨੂੰ ਉਹ ਕੁਝ ਵੀ ਦੱਸਣ ਦੀ ਲੋੜ ਨਹੀਂ ਹੈ ਜਿਸ ਬਾਰੇ ਤੁਸੀਂ ਗੱਲ ਕਰਨ ਵਿੱਚ ਅਸਹਿਜ ਮਹਿਸੂਸ ਕਰਦੇ ਹੋ। ਅਜਿਹੇ ਸਮੇਂ ਹੋ ਸਕਦੇ ਹਨ ਜਿੱਥੇ ਤੁਹਾਡੇ ISVA ਨੂੰ ਹੋਰ ਏਜੰਸੀਆਂ ਨੂੰ ਸੂਚਿਤ ਕਰਨਾ ਪੈ ਸਕਦਾ ਹੈ, ਉਦਾਹਰਣ ਵਜੋਂ ਜੇਕਰ ਉਹਨਾਂ ਨੂੰ ਲੱਗਦਾ ਹੈ ਕਿ ਤੁਹਾਡੇ ਲਈ ਜਾਂ ਦੂਜਿਆਂ ਲਈ ਕੋਈ ਖ਼ਤਰਾ ਹੈ, ਉਹ ਇਸਦੇ ਲਈ ਹਮੇਸ਼ਾ ਤੁਹਾਡੀ ਸਹਿਮਤੀ ਲੈਣਗੇ।

ਤੁਸੀਂ ਅਤੇ ਤੁਹਾਡਾ ISVA ਮਿਲ ਕੇ ਇਹ ਫੈਸਲਾ ਕਰੋਗੇ ਕਿ ਉਹ ਤੁਹਾਡੀ ਪੂਰੀ ਯਾਤਰਾ ਦੌਰਾਨ ਤੁਹਾਡੀ ਸਹਾਇਤਾ ਕਿਵੇਂ ਕਰਨਗੇ।

# ਰਿਪੋਰਟ ਕਰਨਾ

ਪੁਲਿਸ ਨੂੰ ਰਿਪੋਰਟ ਕਰਨ ਲਈ
ਇੱਕ ਪੜਾਅਵਾਰ ਗਾਈਡ

Police ਨੂੰ ਜਿਨਸੀ ਹਿੰਸਾ ਦੇ ਅਪਰਾਧ ਦੀ ਰਿਪੋਰਟ ਕਰਨ ਦੇ ਕਈ ਵੱਖ-ਵੱਖ ਤਰੀਕੇ ਹਨ। ਤੁਹਾਨੂੰ ਸ਼ਾਇਦ ਪੂਰੀ ਤਰ੍ਹਾਂ ਯਕੀਨ ਨਾ ਹੋਵੇ ਕਿ ਕੀ ਹੋਇਆ ਸੀ ਜਾਂ ਇਸ ਬਾਰੇ ਗੱਲ ਕਿਵੇਂ ਕਰਨੀ ਹੈ। Police ਸਮਝਦੀ ਹੈ ਕਿ ਇਹ ਔਖਾ ਹੋ ਸਕਦਾ ਹੈ ਅਤੇ ਉਹਨਾਂ ਕੋਲ ਵਿਸ਼ੇਸ਼ ਤੌਰ 'ਤੇ Specially Trained Officers (STOs) ਹਨ ਜੋ ਜਿਨਸੀ ਅਪਰਾਧਾਂ ਦੀ ਰਿਪੋਰਟ ਕਰਨ ਵਿੱਚ ਲੋਕਾਂ ਦੀ ਮਦਦ ਕਰਨ ਵਿੱਚ ਮਾਹਰ ਹਨ।

## ਤੁਸੀਂ ਡਰਬੀਸ਼ਾਇਰ ਪੁਲਿਸ ਨਾਲ ਕਈ ਤਰੀਕਿਆਂ ਨਾਲ ਸੰਪਰਕ ਕਰ ਸਕਦੇ ਹੋ:

- **ਕਾਲ ਕਰੋ 999** (ਐਮਰਜੈਂਸੀ ਨੰਬਰ) ਇਸਦੀ ਵਰਤੋਂ ਕੇਵਲ ਤਾਂ ਹੀ ਕੀਤੀ ਜਾਣੀ ਚਾਹੀਦੀ ਹੈ ਜੇਕਰ ਦੁਰਵਿਵਹਾਰ ਕਰਨ ਵਾਲਾ ਅਜੇ ਵੀ ਉੱਥੇ ਮੌਜੂਦ ਹੈ, ਜਾਂ ਨੇੜੇ ਹੈ, ਜਾਂ ਉਸ ਜਗ੍ਹਾ 'ਤੇ ਵਾਪਸ ਆ ਰਿਹਾ ਹੈ ਜਿੱਥੇ ਸਰਵਾਈਵਰ ਮੌਜੂਦ ਹੈ।
- **ਕਾਲ ਕਰੋ 101** (ਗੈਰ-ਐਮਰਜੈਂਸੀ ਨੰਬਰ)
- Police Station ਜਾਣਾ
- ਆਨਲਾਈਨ ਅਪਰਾਧ ਰਿਪੋਰਟਿੰਗ ਸੇਵਾ

## Police ਨੂੰ ਸੰਪਰਕ ਕਰਨਾ

ਜੇਕਰ ਤੁਸੀਂ 999 ਜਾਂ 101 ਰਾਹੀਂ ਡਰਬੀਸ਼ਾਇਰ ਪੁਲਿਸ ਨਾਲ ਸੰਪਰਕ ਕਰਦੇ ਹੋ, ਤਾਂ ਉਹਨਾਂ ਦੇ ਕਾਲ ਹੈਂਡਲਰ ਜਵਾਬ ਦੇਣਗੇ, ਕੋਈ ਪੁਲਿਸ ਅਧਿਕਾਰੀ ਨਹੀਂ। ਕਾਲ ਹੈਂਡਲਰ ਪੁਲਿਸ ਸਟਾਫ ਦੇ ਉੱਚ-ਸਿਖਲਾਈ ਪ੍ਰਾਪਤ ਅਤੇ ਕੁਸ਼ਲ ਮੈਂਬਰ ਹੁੰਦੇ ਹਨ। ਉਹ ਵੱਖ-ਵੱਖ ਮੁਸ਼ਕਲ ਸਥਿਤੀਆਂ ਵਿੱਚ ਲੋਕਾਂ ਨਾਲ ਗੱਲ ਕਰਨ ਦੇ ਆਦੀ ਹੁੰਦੇ ਹਨ। ਉਹ ਤੁਹਾਡੇ ਤੋਂ ਵੇਰਵੇ ਲੈਣਗੇ, ਇੱਕ ਘਟਨਾ ਨੰਬਰ (incident number) ਬਣਾਉਣਗੇ ਅਤੇ ਇੱਕ **ਵਰਦੀਧਾਰੀ ਅਧਿਕਾਰੀ** ਨੂੰ ਤੁਹਾਡੇ ਕੋਲ ਭੇਜਣ ਲਈ ਕਹਿਣਗੇ। ਵਰਦੀਧਾਰੀ ਅਧਿਕਾਰੀ ਜਾਂਚ ਦੇ ਸ਼ੁਰੂਆਤੀ ਪੜਾਵਾਂ ਨੂੰ ਪੂਰਾ ਕਰੇਗਾ ਅਤੇ ਫਿਰ ਕੇਸ ਨੂੰ ਇੱਕ Specially Trained Officer (STO) ਨੂੰ ਸੌਂਪ ਦੇਵੇਗਾ। ਜੇਕਰ ਤੁਸੀਂ ਨਹੀਂ ਚਾਹੁੰਦੇ ਕਿ ਪੁਲਿਸ ਤੁਹਾਡੇ ਘਰ ਆਵੇ, ਤਾਂ ਤੁਸੀਂ ਪੁਲਿਸ ਸਟੇਸ਼ਨ ਜਾ ਸਕਦੇ ਹੋ ਜਾਂ ਉਹ ਤੁਹਾਨੂੰ ਅਜਿਹੀ ਜਗ੍ਹਾ 'ਤੇ ਮਿਲ ਸਕਦੇ ਹਨ ਜਿੱਥੇ ਤੁਸੀਂ ਜ਼ਿਆਦਾ ਸਹਿਜ ਮਹਿਸੂਸ ਕਰਦੇ ਹੋ।

## ਕੀ ਕੋਈ ਮੇਰੇ ਨਾਲ ਹੋ ਸਕਦਾ ਹੈ ਜਦੋਂ ਮੈਂ ਪੁਲਿਸ ਨਾਲ ਗੱਲ ਕਰਦਾ/ਕਰਦੀ ਹਾਂ?

ਤੁਸੀਂ ਆਪਣੇ ਨਾਲ ਕਿਸੇ ਨੂੰ ਵੀ ਰੱਖ ਸਕਦੇ ਹੋ, ਜੋ ਤੁਹਾਡੇ ਲਈ ਇਸ ਪ੍ਰਕਿਰਿਆ ਨੂੰ ਵਧੇਰੇ ਸੁਖਾਲਾ ਬਣਾ ਸਕੇ; ਇਹ ਕੋਈ ਦੋਸਤ, ਪਰਿਵਾਰਕ ਮੈਂਬਰ, ਜਾਂ ਇੱਕ ISVA ਹੋ ਸਕਦਾ ਹੈ। ਹਾਲਾਂਕਿ, ਜੇਕਰ ਉਹ ਇੱਕ ਸੰਭਾਵੀ **ਗਵਾਹ** ਹਨ, ਤਾਂ ਜਦੋਂ ਤੁਸੀਂ ਆਪਣਾ ਬਿਆਨ ਦਰਜ ਕਰਵਾ ਰਹੇ ਹੋਵੋਗੇ, ਉਹ ਤੁਹਾਡੇ ਨਾਲ ਨਹੀਂ ਬੈਠ ਸਕਣਗੇ।

## ਕੀ Police ਮੇਰੇ ਜਿਨਸੀ ਇਤਿਹਾਸ ਜਾਂ ਪਸੰਦ ਬਾਰੇ ਪੁੱਛੇਗੀ?

ਪੁਲਿਸ ਅਧਿਕਾਰੀ ਕੁਝ ਨਿੱਜੀ ਸਵਾਲ ਪੁੱਛ ਸਕਦੇ ਹਨ, ਜਿਵੇਂ ਕਿ ਕੀ ਤੁਹਾਡੇ ਪਹਿਲਾਂ ਉਸ ਵਿਅਕਤੀ ਨਾਲ ਸਹਿਮਤੀ ਨਾਲ ਜਿਨਸੀ ਸਬੰਧ ਰਹੇ ਹਨ। ਉਹ ਸਿਰਫ਼ ਉਹੀ ਸਵਾਲ ਪੁੱਛਣਗੇ ਜੋ ਜਾਂਚ ਨਾਲ ਸੰਬੰਧਤ ਹਨ। ਤੁਹਾਡੇ ਜਿਨਸੀ ਇਤਿਹਾਸ ਜਾਂ ਪਸੰਦ ਦਾ ਤੁਹਾਡੇ ਕੇਸ ਦੀ ਕਾਰਵਾਈ ਜਾਂ ਪੁਲਿਸ ਅਤੇ ਹੋਰ ਸੇਵਾਵਾਂ ਦੁਆਰਾ ਦਿੱਤੀ ਜਾਣ ਵਾਲੀ ਸਹਾਇਤਾ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ।

## ਕੀ ਪੁਲਿਸ ਅਧਿਕਾਰੀ ਮੇਰੀ ਜਾਂਚ ਕਰੇਗਾ?

ਜੇਕਰ ਜਿਨਸੀ ਹਿੰਸਾ ਪਿਛਲੇ ਸੱਤ ਦਿਨਾਂ ਦੇ ਅੰਦਰ ਹੋਈ ਹੈ, ਤਾਂ Police officer**ਸ਼ੁਰੂਆਤੀ ਸਬੂਤ ਕਿੱਟ (early evidence kit)** ਦੀ ਵਰਤੋਂ ਕਰਨ ਲਈ ਤੁਹਾਡੀ ਸਹਿਮਤੀ ਮੰਗੇਗਾ। ਇਹ ਇੱਕ ਤੇਜ਼ ਅਤੇ ਗੈਰ-ਹਮਲਾਵਰ (non-invasive) ਪ੍ਰਕਿਰਿਆ ਹੈ, ਉਦਾਹਰਨ ਲਈ ਉਹ ਮਾਊਥ ਰਿੰਸ/ਸਵੈਬ ਜਾਂ ਪਿਸ਼ਾਬ ਦਾ ਨਮੂਨਾ ਲੈ ਸਕਦੇ ਹਨ।

ਪੁਲਿਸ ਕੋਲ ਵਿਸ਼ੇਸ਼ ਤੌਰ 'ਤੇ Specially Trained Officers ਹਨ ਜੋ ਜਿਨਸੀ ਅਪਰਾਧਾਂ ਦੀ ਰਿਪੋਰਟ ਕਰਨ ਵਿੱਚ ਲੋਕਾਂ ਦੀ ਮਦਦ ਕਰਨ ਵਿੱਚ ਮਾਹਰ ਹਨ।

## ਕੀ ਮੈਂ ਕਿਸੇ ਹੋਰ ਦੇ ਨਾਮ 'ਤੇ ਅਪਰਾਧ ਦੀ ਰਿਪੋਰਟ ਕਰ ਸਕਦਾ/ਸਕਦੀ ਹਾਂ?

ਕਿਰਪਾ ਕਰਕੇ ਸਰਵਾਈਵਰ (ਪੀੜਤ) ਨੂੰ Millfield House ਜਾਣ ਲਈ ਉਤਸ਼ਾਹਿਤ ਕਰੋ। ਜੇਕਰ ਇਹ ਵਿਕਲਪ ਨਹੀਂ ਹੈ, ਤਾਂ ਕਿਰਪਾ ਕਰਕੇ ਤੀਜੀ ਧਿਰ ਵਜੋਂ Police ਨੂੰ ਇਸਦੀ ਰਿਪੋਰਟ ਕਰੋ ਅਤੇ ਜਿੰਨੀ ਸੰਭਵ ਹੋ ਸਕੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰੋ। Police ਘਟਨਾ ਨੂੰ ਰਿਕਾਰਡ ਕਰੇਗੀ। ਜੇਕਰ ਭਵਿੱਖ ਵਿੱਚ ਸਰਵਾਈਵਰ (ਪੀੜਤ) ਖੁਦ Police ਨੂੰ ਸੂਚਿਤ ਕਰਨਾ ਚਾਹੁੰਦਾ ਹੈ, ਤਾਂ Police ਕੋਲ ਪਹਿਲਾਂ ਹੀ ਇਸਦਾ ਰਿਕਾਰਡ ਹੋਵੇਗਾ। ਜੇਕਰ ਸਰਵਾਈਵਰ (ਪੀੜਤ) Millfield House ਗਿਆ ਸੀ, ਤਾਂ ਕੋਈ ਵੀ ਫੋਰੈਂਸਿਕ ਸਬੂਤ ਸੁਰੱਖਿਅਤ ਕਰ ਲਿਆ ਗਿਆ ਹੋਵੇਗਾ, ਜੋ ਅੱਗੇ Police ਜਾਂਚ ਵਿੱਚ ਸਹਾਇਤਾ ਕਰੇਗਾ।

## Police ਨੂੰ ਰਿਪੋਰਟ ਕਰਨਾ

ਜਿਨਸੀ ਹਿੰਸਾ ਦੀ ਕਿਸੇ ਵੀ ਰਿਪੋਰਟ ਦੇ ਪਿੱਛੇ ਦੇ ਹਾਲਾਤ ਵਿਲੱਖਣ ਹੁੰਦੇ ਹਨ, ਇਸ ਲਈ ਪੁਲਿਸ ਹਰੇਕ ਦੀ ਜਾਂਚ ਜਿਸ ਤਰੀਕੇ ਨਾਲ ਕਰਦੀ ਹੈ ਉਹ ਵੱਖ-ਵੱਖ ਹੋ ਸਕਦਾ ਹੈ। ਹਾਲਾਂਕਿ, ਹਰੇਕ ਜਾਂਚ ਉਹੀ ਕਦਮਾਂ ਨਾਲ ਸ਼ੁਰੂ ਹੋਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਜਿੰਨੀ ਜਲਦੀ ਹੋ ਸਕੇ ਵੱਧ ਤੋਂ ਵੱਧ ਸਬੂਤ ਇਕੱਠੇ ਕਰ ਸਕਣ, ਜਦੋਂ ਕਿ ਤੁਹਾਨੂੰ ਸਾਰੀ ਲੋੜੀਂਦੀ ਸਹਾਇਤਾ ਅਤੇ ਸਲਾਹ ਦਿੱਤੀ ਜਾਵੇ।

## Police ਨਾਲ ਪਹਿਲੀ ਮੁਲਾਕਾਤ

ਜਿੰਨੀ ਜਲਦੀ ਹੋ ਸਕੇ ਜਦੋਂ ਤੁਸੀਂ ਜਿਨਸੀ ਅਪਰਾਧ ਦੀ ਰਿਪੋਰਟ ਕਰਦੇ ਹੋ, ਪੁਲਿਸ ਤੁਹਾਡੇ ਨਾਲ ਗੱਲ ਕਰਨ ਲਈ ਇੱਕ ਵਰਦੀਧਾਰੀ ਅਧਿਕਾਰੀ ਦਾ ਪ੍ਰਬੰਧ ਕਰੇਗੀ। ਉਨ੍ਹਾਂ ਦੀ ਪਹਿਲੀ ਤਰਜੀਹ ਤੁਹਾਡੀ ਤੰਦਰੁਸਤੀ ਦੀ ਜਾਂਚ ਕਰਨਾ ਅਤੇ ਇਹ ਪਤਾ ਲਗਾਉਣਾ ਹੋਵੇਗੀ ਕਿ ਕੀ ਤੁਹਾਨੂੰ ਕਿਸੇ ਐਮਰਜੈਂਸੀ ਡਾਕਟਰੀ ਸਹਾਇਤਾ ਦੀ ਲੋੜ ਹੈ। ਜੇਕਰ ਤੁਸੀਂ ਜੋ ਹੋਇਆ ਉਸ ਬਾਰੇ ਗੱਲ ਕਰਨ ਵਿੱਚ ਸਹਿਜ ਮਹਿਸੂਸ ਕਰਦੇ ਹੋ, ਤਾਂ ਅਧਿਕਾਰੀ ਦੇ ਚਾਰ ਮੁੱਖ ਸਵਾਲ ਹੋਣਗੇ:

- ਇਹ ਕਿਸਨੇ ਕੀਤਾ?
- ਕੀ ਹੋਇਆ?
- ਇਹ ਕਿੱਥੇ ਹੋਇਆ?
- ਇਹ ਕਦੋਂ ਹੋਇਆ?

Police ਸਮਝਦੀ ਹੈ ਕਿ ਹੋ ਸਕਦਾ ਹੈ ਕਿ ਤੁਸੀਂ ਇਹਨਾਂ ਸਾਰੇ ਸਵਾਲਾਂ ਦੇ ਜਵਾਬ ਦੇਣ ਦੇ ਯੋਗ ਨਾ ਹੋਵੋ। ਹਾਲਾਂਕਿ, ਤੁਸੀਂ ਉਹਨਾਂ ਨੂੰ ਜਿੰਨਾ ਜ਼ਿਆਦਾ ਦੱਸ ਸਕੋਗੇ, ਦੋਸ਼ੀ ਦੀ ਪਛਾਣ ਕਰਨ ਦੇ ਉਹਨਾਂ ਦੇ ਮੌਕੇ ਉੱਨੇ ਹੀ ਬਿਹਤਰ ਹੋਣਗੇ।

## ਪਿਛਲੇ ਸੱਤ ਦਿਨਾਂ ਵਿੱਚ ਵਾਪਰੀ ਕਿਸੇ ਘਟਨਾ ਲਈ

ਕੁਦਰਤੀ ਹੈ ਕਿ ਤੁਸੀਂ ਨਹਾਉਣਾ ਚਾਹੋਗੇ ਅਤੇ ਆਪਣੇ ਆਪ ਨੂੰ ਵਧੇਰੇ ਅਰਾਮਦਾਇਕ ਮਹਿਸੂਸ ਕਰਵਾਉਣ ਦੀ ਕੋਸ਼ਿਸ਼ ਕਰੋਗੇ, ਪਰ ਪੁਲਿਸ ਤੁਹਾਡੇ ਤੋਂ ਸ਼ੁਰੂਆਤੀ ਸਬੂਤ ਕਿੱਟ (early evidence kit) ਦੀ ਵਰਤੋਂ ਕਰਨ ਦੀ ਇਜਾਜ਼ਤ ਮੰਗੇਗੀ। ਇਹ **ਫੋਰੈਂਸਿਕ ਸਬੂਤ** ਇਕੱਠੇ ਕਰਨ ਲਈ ਇੱਕ ਤੇਜ਼ ਅਤੇ ਗੈਰ-ਹਮਲਾਵਰ (non-invasive) ਜਾਂਚ ਹੈ। ਜੇਕਰ ਸੰਭਵ ਹੈ ਤਾਂ ਪੁਲਿਸ ਤੁਹਾਨੂੰ ਇਹ ਨਾ ਕਰਨ ਲਈ ਕਹੇਗੀ:

- ਸ਼ਾਵਰ ਲੈਣਾ ਜਾਂ ਨਹਾਉਣਾ
- ਹਥ ਧੋਣਾ
- ਆਪਣੇ ਦੰਦਾਂ ਨੂੰ ਸਾਫ਼ ਕਰਨਾ ਜਾਂ ਵਾਲ਼ਾਂ ਨੂੰ ਵਾਹੁਣਾ
- ਪਖਾਨੇ ਦੀ ਵਰਤੋਂ ਕਰਨਾ ਜਾਂ ਸੈਨੇਟਰੀ ਟੌਵਲ/ਟੈਂਪਨ ਸੁੱਟਣਾ
- ਕੁਝ ਵੀ ਪੀਣਾ ਜਾਂ ਖਾਣਾ (ਜ਼ਰੂਰੀ ਦਵਾਈਆਂ ਨੂੰ ਛੱਡ ਕੇ)
- ਸਿਗਰੇਟ ਪੀਣਾ
- ਉਸ ਸਮੇਂ ਪਹਿਨੇ ਹੋਏ ਕੋਈ ਵੀ ਕੱਪੜੇ ਉਤਾਰਨਾ ਜਾਂ ਧੋਣਾ।

ਜੇ ਤੁਸੀਂ ਪਹਿਲਾਂ ਹੀ ਇਹਨਾਂ ਵਿੱਚੋਂ ਕੁਝ ਵੀ ਕਰ ਲਿਆ ਹੈ, ਤਾਂ ਕਿਰਪਾ ਕਰਕੇ ਚਿੰਤਾ ਨਾ ਕਰੋ।

Police Millfield House (Derbyshire’s Sexual Assault Referral Centre) ਜਾਣ ਵਿੱਚ ਤੁਹਾਡੀ ਸਹਾਇਤਾ ਕਰ ਸਕਦੀ ਹੈ, ਜੋ ਡਾਕਟਰੀ ਜ਼ਰੂਰਤਾਂ ਅਤੇ ਫੋਰੈਂਸਿਕ ਸਬੂਤ ਇਕੱਠੇ ਕਰਨ ਵਿੱਚ ਮਦਦ ਕਰ ਸਕਦੇ ਹਨ।

ਪੁਲਿਸ ਦੀ ਪਹਿਲੀ ਤਰਜੀਹ ਤੁਹਾਡੀ ਭਲਾਈ ਦੀ ਜਾਂਚ ਕਰਨਾ ਹੋਵੇਗੀ।

## ਤੁਹਾਡਾ Police Statement

ਪੁਲਿਸ ਜਾਂ ਤਾਂ ਤੁਹਾਡਾ ਬਿਆਨ ਲਿਖਤੀ ਰੂਪ ਵਿੱਚ ਲੈ ਸਕਦੀ ਹੈ ਜਾਂ ਉਹ ਇੰਟਰਵਿਊ ਦੀ ਵੀਡੀਓ ਬਣਾ ਸਕਦੀ ਹੈ ਅਤੇ ਉਸ ਨੂੰ ਤੁਹਾਡੇ ਬਿਆਨ ਵਜੋਂ ਵਰਤ ਸਕਦੀ ਹੈ। ਤੁਸੀਂ ਇਸਨੂੰ **Video Recorded Interview - VRI** ਵਜੋਂ ਸੁਣੋਗੇ। ਉਹ ਹਰੇਕ ਵਿਕਲਪ ਬਾਰੇ ਵਿਸਥਾਰ ਵਿੱਚ ਦੱਸਣਗੇ ਤਾਂ ਜੋ ਤੁਸੀਂ ਉਹ ਚੁਣ ਸਕੋ ਜਿਸ ਵਿੱਚ ਤੁਸੀਂ ਸਭ ਤੋਂ ਵੱਧ ਸਹਿਜ ਮਹਿਸੂਸ ਕਰਦੇ ਹੋ.

## Suspect (ਸ਼ੱਕੀ ਵਿਅਕਤੀ)

ਜੇਕਰ ਪੁਲਿਸ **Suspect** (ਸ਼ੱਕੀ ਵਿਅਕਤੀ) ਦੀ ਪਛਾਣ ਅਤੇ ਉਸਦਾ ਪਤਾ ਲਗਾ ਲੈਂਦੀ ਹੈ, ਤਾਂ ਉਹ ਉਸਨੂੰ ਗ੍ਰਿਫਤਾਰ ਕਰ ਸਕਦੇ ਹਨ। ਗ੍ਰਿਫਤਾਰੀ ਕਰਨ ਦਾ ਫੈਸਲਾ ਲੋੜੀਂਦੇ ਮਾਪਦੰਡ (ਖਤਰਾ ਅਤੇ ਜੋਖਮ) 'ਤੇ ਅਧਾਰਤ ਹੋਵੇਗਾ ਜੋ ਪੁਲਿਸ ਦੁਆਰਾ ਲਾਗੂ ਕੀਤਾ ਜਾਂਦਾ ਹੈ ਅਤੇ ਇਹ ਹਰੇਕ ਕੇਸ ਦੇ ਅਧਾਰ 'ਤੇ ਵੱਖਰਾ ਹੁੰਦਾ ਹੈ। ਪੁਲਿਸ ਕਈ ਕਾਰਕਾਂ ਨੂੰ ਧਿਆਨ ਵਿੱਚ ਰੱਖੇਗੀ, ਜਿਸ ਵਿੱਚ ਤੁਹਾਡੇ ਜਾਂ ਦੂਜਿਆਂ ਲਈ ਚੱਲ ਰਹੇ ਖਤਰੇ ਅਤੇ ਜੋਖਮ ਸ਼ਾਮਲ ਹਨ।

## ਤੁਹਾਡੇ officer in the case (OIC)

ਇਸ ਕਿਸਮ ਦੇ ਅਪਰਾਧਾਂ ਲਈ **officer in the case (OIC)** ਇੱਕ Police Detective ਹੋਵੇਗਾ ਜਿਸ ਨੇ ਗੰਭੀਰ ਅਤੇ ਗੁੰਝਲਦਾਰ ਅਪਰਾਧਾਂ ਦੀ ਜਾਂਚ ਵਿੱਚ ਸਿਖਲਾਈ ਪ੍ਰਾਪਤ ਕੀਤੀ ਹੈ ਜਾਂ ਪ੍ਰਾਪਤ ਕਰ ਰਿਹਾ ਹੈ। OIC ਨੂੰ ਤੁਹਾਡੇ ਕੇਸ ਦੀ ਜ਼ਿੰਮੇਵਾਰੀ ਸੌਂਪੀ ਜਾਵੇਗੀ ਤਾਂ ਜੋ ਉਹ ਜਾਂਚ ਕਰ ਸਕੇ ਅਤੇ ਸਾਰੇ ਸਬੂਤ ਸੁਰੱਖਿਅਤ ਕਰ ਸਕੇ। OIC ਤੁਹਾਨੂੰ ਹਰ ਕਦਮ 'ਤੇ ਦੱਸੇਗਾ ਕਿ ਕੀ ਹੋ ਰਿਹਾ ਹੈ, ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਵੇਗਾ ਅਤੇ, ਤੁਹਾਡੀ ਸਹਿਮਤੀ ਨਾਲ, ਤੁਹਾਨੂੰ ਜਿਨਸੀ ਹਿੰਸਾ ਦੀ ਵਕਾਲਤ ਕਰਨ ਵਾਲੀਆਂ ਮਾਹਰ ਸੇਵਾਵਾਂ (specialist sexual violence advocacy services) ਕੋਲ ਭੇਜੇਗਾ।

# ਮਾਹਰ ਸੇਵਾਵਾਂ ਤੋਂ ਸਹਾਇਤਾ

ਤੁਹਾਡੀਆਂ ਵਿਅਕਤੀਗਤ ਲੋੜਾਂ ਦੇ ਆਧਾਰ 'ਤੇ, ਪੁਲਿਸ ਤੁਹਾਡੀ ਤਰਫੋਂ ਉਹਨਾਂ ਵਿਸ਼ੇਸ਼ ਜਿਨਸੀ ਹਿੰਸਾ ਸਹਾਇਤਾ ਏਜੰਸੀਆਂ ਕੋਲ ਰੈਫਰਲ ਭੇਜ ਸਕਦੀ ਹੈ ਜੋ ਪੁਲਿਸ ਤੋਂ ਸੁਤੰਤਰ ਤੌਰ 'ਤੇ ਕੰਮ ਕਰਦੀਆਂ ਹਨ।

Derbyshire ਵਿੱਚ ਇਹ ਹਨ:

**Millfield House -**
Sexual Assault Referral Centre (SARC)

**SV2**
(ਜਿਨਸੀ ਹਿੰਸਾ ਦੇ ਪੀੜਤਾਂ ਦੀ ਸਹਾਇਤਾ ਕਰਨਾ)

**SAIL**
(Sexual Abuse and Incest Line)

ਤੁਹਾਡੇ ਜਿਨਸੀ ਇਤਿਹਾਸ ਜਾਂ ਪਸੰਦ ਦਾ ਤੁਹਾਡੇ ਕੇਸ ਦੀ ਕਾਰਵਾਈ ਜਾਂ ਪੁਲਿਸ ਅਤੇ ਹੋਰ ਸੇਵਾਵਾਂ ਦੁਆਰਾ ਦਿੱਤੀ ਜਾਣ ਵਾਲੀ ਸਹਾਇਤਾ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ।

# Millfield House

Sexual Assault Referral Centre
ਅਤੇ ਫੋਰੈਂਸਿਕ ਮੈਡੀਕਲ ਜਾਂਚ

## Millfield House ਇੱਕ Sexual Assault Referral Centre (SARC) ਹੈ ਜੋ ਡਰਬੀਸ਼ਾਇਰ ਵਿੱਚ ਕਿਸੇ ਵੀ ਵਿਅਕਤੀ ਨੂੰ, ਜਿਸ ਨੇ ਹਾਲ ਹੀ ਵਿੱਚ ਜਿਨਸੀ ਹਿੰਸਾ ਅਤੇ/ਜਾਂ ਜਿਨਸੀ ਸ਼ੋਸ਼ਣ ਦਾ ਸਾਹਮਣਾ ਕੀਤਾ ਹੈ, ਮੁਫ਼ਤ, ਪੇਸ਼ੇਵਰ ਅਤੇ ਗੁਪਤ ਸਹਾਇਤਾ ਅਤੇ ਵਿਹਾਰਕ ਮਦਦ ਦੀ ਪੇਸ਼ਕਸ਼ ਕਰਦਾ ਹੈ। Millfield House ਵਿੱਚ ਸਿਖਲਾਈ ਪ੍ਰਾਪਤ ਵਿਸ਼ੇਸ਼ ਸਟਾਫ਼ ਹੈ, ਜੋ ਤੁਹਾਡੀਆਂ ਲੋੜਾਂ ਦੇ ਮੁਲਾਂਕਣ ਅਤੇ ਤੁਹਾਡੇ ਲਈ ਉਪਲਬਧ ਵਿਕਲਪਾਂ ਬਾਰੇ ਤੁਹਾਡਾ ਮਾਰਗਦਰਸ਼ਨ ਕਰੇਗਾ।

ਤੁਸੀਂ Police ਦੀ ਸ਼ਮੂਲੀਅਤ ਤੋਂ ਬਿਨਾਂ ਸੈਂਟਰ ਵਿੱਚ ਸਹਾਇਤਾ ਪ੍ਰਾਪਤ ਕਰ ਸਕਦੇ ਹੋ। ਜੇਕਰ ਤੁਸੀਂ ਪਹਿਲਾਂ ਹੀ ਪੁਲਿਸ ਨਾਲ ਸੰਪਰਕ ਕੀਤਾ ਹੈ, ਤਾਂ ਉਹ ਤੁਹਾਨੂੰ ਸੈਂਟਰ ਵਿੱਚ ਜਾਣ ਲਈ ਉਤਸ਼ਾਹਿਤ ਅਤੇ ਸਹਿਯੋਗ ਵੀ ਦੇ ਸਕਦੇ ਹਨ

### ਪਹਿਲੇ ਕਦਮ

Millfield House ਦੀ ਟੀਮ ਇਹ ਯਕੀਨੀ ਬਣਾਉਣ ਲਈ ਉੱਥੇ ਮੌਜੂਦ ਹੈ ਕਿ ਤੁਹਾਡੀ ਗੱਲ ਸੁਣੀ ਜਾਵੇ ਅਤੇ ਤੁਹਾਨੂੰ ਆਪਣੇ ਅਗਲੇ ਕਦਮ ਚੁੱਕਣ ਲਈ ਲੋੜੀਂਦੀ ਮਦਦ ਮਿਲ ਸਕੇ। ਤੁਸੀਂ ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਉਹਨਾਂ ਨਾਲ ਸੰਪਰਕ ਕਰ ਸਕਦੇ ਹੋ, ਅਤੇ ਉਹ ਹਮੇਸ਼ਾ ਸੁਣਨ ਅਤੇ ਸਲਾਹ ਦੇਣ ਲਈ ਉੱਥੇ ਮੌਜੂਦ ਹਨ।

### Millfield House ‘ਤੇ ਤੁਸੀਂ ਇਹ ਕਰ ਸਕੋਗੇ:

- ਕਿਸੇ ਨਾਲ ਆਪਣੇ ਅਨੁਭਵ ਬਾਰੇ ਗੱਲ ਕਰਨਾ ਅਤੇ ਭਾਵਨਾਤਮਕ ਸਹਾਇਤਾ ਪ੍ਰਾਪਤ ਕਰਨਾ
- ਤੁਹਾਡੇ ਲਈ ਉਪਲਬਧ ਸੇਵਾਵਾਂ ਬਾਰੇ ਸਲਾਹ ਪ੍ਰਾਪਤ ਕਰਨਾ
- ਹਮਲੇ ਤੋਂ ਬਾਅਦ ਜਿਨਸੀ ਸਿਹਤ ਸੰਬੰਧੀ ਚਿੰਤਾਵਾਂ ਬਾਰੇ ਚਰਚਾ ਕਰਨਾ ਜਾਂ ਜਿਨਸੀ ਸਿਹਤ ਸੇਵਾਵਾਂ ਲਈ ਰੈਫਰਲ ਪ੍ਰਾਪਤ ਕਰਨਾ।
- Police ਨੂੰ ਗੁਮਨਾਮ ਤੌਰ 'ਤੇ ਰਿਪੋਰਟ ਕਰੋ।

### ਜੇ ਪਿਛਲੇ 7-10 ਦਿਨਾਂ ਵਿੱਚ ਘਟਨਾ ਵਾਪਰੀ ਹੈ

ਜੇਕਰ ਤੁਹਾਡੇ ਨਾਲ ਪਿਛਲੇ 7-10 ਦਿਨਾਂ ਦੇ ਅੰਦਰ ਕੁਝ ਵਾਪਰਿਆ ਹੈ, ਤਾਂ Millfield House ਦੀ ਟੀਮ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਸੈਂਟਰ ਆਉਣ ਦੀ ਸਲਾਹ ਦੇ ਸਕਦੀ ਹੈ। ਉਹ ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਕਿ ਕੀ ਤੁਸੀਂ ਸਬੂਤ ਇਕੱਠੇ ਕਰਵਾਉਣਾ ਚਾਹੁੰਦੇ ਹੋ ਅਤੇ ਇਹ ਯਕੀਨੀ ਬਣਾ ਸਕਦੇ ਹਨ ਕਿ ਤੁਹਾਡੀਆਂ ਸਿਹਤ ਸੰਭਾਲ ਲੋੜਾਂ ਪੂਰੀਆਂ ਹੋਣ।

Millfield House ਜਾਣ ਲਈ ਤੁਹਾਡੇ ਲਈ Police ਕੋਲ ਜਿਨਸੀ ਅਪਰਾਧ ਦੀ ਰਿਪੋਰਟ ਕਰਨਾ ਜ਼ਰੂਰੀ ਨਹੀਂ ਹੈ।

Millfield House ਦੀ ਟੀਮ ਤੁਹਾਡੇ ਸਾਰੇ ਵਿਕਲਪਾਂ ਬਾਰੇ ਦੱਸੇਗੀ ਅਤੇ ਉਹਨਾਂ ਦੇ ਮਾਹਰ ਨਰਸਾਂ ਵਿੱਚੋਂ ਕਿਸੇ ਇੱਕ ਨਾਲ ਮੁਲਾਕਾਤ ਕਰਨ ਦੀ ਸਿਫਾਰਸ਼ ਕਰ ਸਕਦੀ ਹੈ, ਜੋ ਸਬੂਤਾਂ ਨੂੰ ਸੁਰੱਖਿਅਤ ਰੱਖਣ ਲਈ ਜਾਂਚ ਕਰ ਸਕਦੇ ਹਨ। ਉਹ ਸਿਫ਼ਾਰਸ਼ ਕਰਨਗੇ ਕਿ ਜੇਕਰ ਸੰਭਵ ਹੋਵੇ, ਤਾਂ ਸੈਂਟਰ ਆਉਣ ਤੋਂ ਪਹਿਲਾਂ ਤੁਸੀਂ ਇਸ਼ਨਾਨ ਨਾ ਕਰੋ ਜਾਂ ਨਹਾਓ ਨਾ। ਤੁਹਾਡੀ ਸਹਿਮਤੀ ਨਾਲ, Millfield House ਕੱਪੜੇ ਅਤੇ DNA ਦੇ ਨਮੂਨਿਆਂ ਸਮੇਤ ਫੋਰੈਂਸਿਕ ਸਬੂਤਾਂ ਨੂੰ ਇੱਕ ਸੁਰੱਖਿਅਤ ਜਗ੍ਹਾ 'ਤੇ ਸਟੋਰ ਕਰਨ ਦੇ ਸਮਰੱਥ ਹੈ। ਇਹ ਤੁਹਾਨੂੰ Police ਨੂੰ ਸੂਚਿਤ ਕਰਨ ਜਾਂ ਨਾ ਕਰਨ ਦਾ ਫੈਸਲਾ ਲੈਣ ਤੋਂ ਪਹਿਲਾਂ, ਆਪਣੀਆਂ ਚੋਣਾਂ ਬਾਰੇ ਸੋਚਣ ਲਈ ਕੁਝ ਸਮਾਂ ਲੈਣ ਦਾ ਮੌਕਾ ਦਿੰਦਾ ਹੈ।

Police ਅਜਿਹੀ ਜਾਣਕਾਰੀ ਪ੍ਰਾਪਤ ਕਰਕੇ ਖੁਸ਼ ਹੈ ਜਿਸ 'ਤੇ ਤੁਹਾਡਾ ਨਾਮ ਨਾ ਹੋਵੇ (Depersonalised Data), ਪਰ Police ਕੋਲ ਜਿੰਨੀ ਹੋ ਸਕੇ ਵੱਧ ਤੋਂ ਵੱਧ ਜਾਣਕਾਰੀ ਹੋਣਾ ਮਦਦਗਾਰ ਹੋਵੇਗਾ। ਕਿਸੇ ਵੀ ਨਿੱਜੀ ਡੇਟਾ ਦੀ ਵਰਤੋਂ ਸਿਰਫ਼ 'ਖੁਫੀਆ ਜਾਣਕਾਰੀ ਦੇ ਉਦੇਸ਼ਾਂ ਲਈ' ਕੀਤੀ ਜਾਵੇਗੀ। ਟੀਮ ਜਾਣਕਾਰੀ ਉਦੋਂ ਤੱਕ ਸਾਂਝੀ ਨਹੀਂ ਕਰੇਗੀ ਜਦੋਂ ਤੱਕ ਤੁਸੀਂ ਉਨ੍ਹਾਂ ਨੂੰ ਅਜਿਹਾ ਕਰਨ ਲਈ ਨਹੀਂ ਕਹਿੰਦੇ।

ਤੁਹਾਡੀ ਸਿਹਤ ਅਤੇ ਤੰਦਰੁਸਤੀ ਨੂੰ ਹਮੇਸ਼ਾ ਪਹਿਲ ਦਿੱਤੀ ਜਾਵੇਗੀ, ਅਤੇ ਤੁਹਾਡੇ ਨਾਲ ਹਮੇਸ਼ਾ ਸੰਵੇਦਨਸ਼ੀਲਤਾ ਅਤੇ ਸਤਿਕਾਰ ਨਾਲ ਪੇਸ਼ ਆਇਆ ਜਾਵੇਗਾ।

**ਤੁਸੀਂ Police ਦੀ ਸ਼ਮੂਲੀਅਤ ਤੋਂ ਬਿਨਾਂ ਸੈਂਟਰ ਵਿੱਚ ਸਹਾਇਤਾ ਪ੍ਰਾਪਤ ਕਰ ਸਕਦੇ ਹੋ। ਜੇਕਰ ਤੁਸੀਂ ਪਹਿਲਾਂ ਹੀ Police ਨਾਲ ਸੰਪਰਕ ਕੀਤਾ ਹੈ, ਤਾਂ ਉਹ ਤੁਹਾਨੂੰ ਸੈਂਟਰ ਵਿੱਚ ਜਾਣ ਲਈ ਉਤਸ਼ਾਹਿਤ ਅਤੇ ਸਹਿਯੋਗ ਵੀ ਦੇ ਸਕਦੇ ਹਨ।**

# ਜਦੋਂ ਤੁਸੀਂ Millfield House ਨਾਲ ਸੰਪਰਕ ਕਰਦੇ ਹੋ ਤਾਂ ਆਮ ਤੌਰ 'ਤੇ ਇਹ ਸਭ ਹੁੰਦਾ ਹੈ...

## ਸੰਪਰਕ ਕਰਨਾ

Millfield House ਡ੍ਰੌਪ-ਇਨ ਸੇਵਾ ਦੀ ਪੇਸ਼ਕਸ਼ ਨਹੀਂ ਕਰ ਸਕਦਾ, ਇਸ ਲਈ ਕਿਰਪਾ ਕਰਕੇ ਉਹਨਾਂ ਨੂੰ ਦੱਸ ਦਿਓ ਕਿ ਤੁਸੀਂ ਆ ਰਹੇ ਹੋ। ਜੇਕਰ ਤੁਸੀਂ ਆਪਣਾ ਨਾਮ ਜਾਂ ਵੇਰਵੇ ਦੇਣ ਵਿੱਚ ਸਹਿਜ ਮਹਿਸੂਸ ਨਹੀਂ ਕਰਦੇ, ਤਾਂ ਵੀ ਟੀਮ ਤੁਹਾਨੂੰ ਉਹੀ ਮਦਦ ਅਤੇ ਸਹਾਇਤਾ ਪ੍ਰਦਾਨ ਕਰ ਸਕਦੀ ਹੈ। ਤੁਹਾਡੀਆਂ ਲੋੜਾਂ ਦੇ ਅਧਾਰ 'ਤੇ, ਉਹ ਜਾਂ ਤਾਂ ਤੁਹਾਡੇ ਲਈ Millfield House ਆਉਣ ਦਾ ਸਮਾਂ ਤੈਅ ਕਰਨਗੇ ਜਾਂ ਹੋਰ ਸੇਵਾਵਾਂ ਨਾਲ ਸੰਪਰਕ ਕਰਨ ਵਿੱਚ ਤੁਹਾਡੀ ਮਦਦ ਕਰਨਗੇ ਜੋ ਤੁਹਾਡੇ ਲਈ ਫਾਇਦੇਮੰਦ ਹੋ ਸਕਦੀਆਂ ਹਨ। ਉਹ ਤੁਹਾਨੂੰ ਜਲਦੀ ਆਉਣ ਅਤੇ ਮਿਲਣ ਲਈ ਕਹਿ ਸਕਦੇ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਨੂੰ ਮਹੱਤਵਪੂਰਨ ਸਿਹਤ ਸੇਵਾਵਾਂ ਮਿਲ ਸਕਣ। ਜੇਕਰ ਤੁਸੀਂ ਪਹਿਲਾਂ ਹੀ Police ਨੂੰ ਸ਼ਾਮਲ ਕਰਨ ਦਾ ਫੈਸਲਾ ਕਰ ਲਿਆ ਹੈ, ਤਾਂ ਉਹ ਤੁਹਾਡੀ ਤਰਫੋਂ Millfield House ਨਾਲ ਸੰਪਰਕ ਕਰਨਗੇ।

## Millfield House ਆਉਣਾ

ਜਦੋਂ ਤੁਸੀਂ ਸੈਂਟਰ ਵਿੱਚ ਆਪਣੀ ਅਪੋਇੰਟਮੈਂਟ ਲਈ ਪਹੁੰਚੋਗੇ, ਤਾਂ ਟੀਮ ਦਾ ਇੱਕ ਮੈਂਬਰ ਤੁਹਾਨੂੰ ਮਿਲਣ ਲਈ ਉੱਥੇ ਮੌਜੂਦ ਹੋਵੇਗਾ। ਤੁਹਾਡੀ ਉਹਨਾਂ ਨਾਲ ਹੋਈ ਸ਼ੁਰੂਆਤੀ ਗੱਲਬਾਤ ਤੋਂ, ਤੁਹਾਨੂੰ ਪਤਾ ਲੱਗ ਜਾਵੇਗਾ ਕਿ ਉੱਥੇ ਕਿਵੇਂ ਪਹੁੰਚਣਾ ਹੈ ਅਤੇ ਤੁਸੀਂ ਕਿਸ ਨੂੰ ਮਿਲੋਗੇ। ਜੇਕਰ ਤੁਸੀਂ ਵਧੇਰੇ ਸਹਿਜ ਮਹਿਸੂਸ ਕਰਦੇ ਹੋ, ਤਾਂ ਸਹਾਇਤਾ ਲਈ ਕਿਸੇ ਨੂੰ ਆਪਣੇ ਨਾਲ ਲਿਆ ਸਕਦੇ ਹੋ। ਜੇਕਰ ਤੁਸੀਂ ਪਹਿਲਾਂ Police ਨਾਲ ਸੰਪਰਕ ਕੀਤਾ ਹੈ ਅਤੇ ਉਨ੍ਹਾਂ ਨੂੰ ਸ਼ਾਮਲ ਹੋਣ ਲਈ ਕਿਹਾ ਹੈ, ਤਾਂ ਉਹ ਆਮ ਤੌਰ 'ਤੇ ਤੁਹਾਨੂੰ Millfield House ਲੈ ਕੇ ਆਉਣਗੇ।

ਟੀਮ ਮੈਂਬਰ ਪ੍ਰਕਿਰਿਆ ਅਤੇ ਉਪਲਬਧ ਵਿਕਲਪਾਂ ਬਾਰੇ ਗੱਲਬਾਤ ਕਰੇਗਾ, ਅਤੇ ਤੁਹਾਡੇ ਤੋਂ ਕੁਝ ਸਵਾਲ ਪੁੱਛੇਗਾ। ਉਹ ਹਮੇਸ਼ਾ ਇਹ ਯਕੀਨੀ ਬਣਾਉਣਗੇ ਕਿ ਤੁਸੀਂ ਸਭ ਕੁਝ ਸਮਝਦੇ ਹੋ ਅਤੇ ਜੋ ਕੁਝ ਵੀ ਹੋ ਰਿਹਾ ਹੈ ਉਸ ਨਾਲ ਸਹਿਜ ਮਹਿਸੂਸ ਕਰ ਰਹੇ ਹੋ। Millfield House ਦੇ ਸਟਾਫ ਵਿੱਚ ਸਾਰੀਆਂ ਮਹਿਲਾਵਾਂ ਹਨ। ਜੇਕਰ ਤੁਸੀਂ ਕਿਸੇ ਪੁਰਸ਼ ਟੀਮ ਮੈਂਬਰ ਨਾਲ ਗੱਲ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਜਿੰਨੀ ਜਲਦੀ ਹੋ ਸਕੇ Millfield House ਨੂੰ ਦੱਸ ਦਿਓ ਅਤੇ ਉਹ ਇਹ ਸਹੂਲਤ ਦੇਣ ਲਈ ਪੂਰੀ ਕੋਸ਼ਿਸ਼ ਕਰਨਗੇ। ਤੁਸੀਂ ਆਪਣੀ ਮਰਜ਼ੀ ਅਨੁਸਾਰ ਇਸ ਸੇਵਾ ਦਾ ਜਿੰਨਾ ਚਾਹੋ ਉਨਾ ਜ਼ਿਆਦਾ ਜਾਂ ਘੱਟ ਹਿੱਸਾ ਵਰਤਣ ਦੀ ਚੋਣ ਕਰ ਸਕਦੇ ਹੋ। ਕਿਸੇ ਵੀ ਸਮੇਂ ਆਪਣਾ ਮਨ ਬਦਲਣਾ ਠੀਕ ਹੈ - ਸਟਾਫ ਤੁਹਾਡੀਆਂ ਚੋਣਾਂ ਦਾ ਸਮਰਥਨ ਕਰਨ ਲਈ ਮੌਜੂਦ ਹੈ।

ਤੁਸੀਂ ਸਟਾਫ ਨੂੰ ਜੋ ਕੁਝ ਵੀ ਦੱਸਦੇ ਹੋ, ਉਸ ਨੂੰ ਆਮ ਤੌਰ 'ਤੇ ਗੁਪਤ ਰੱਖਿਆ ਜਾਂਦਾ ਹੈ ਅਤੇ ਤੁਹਾਨੂੰ ਅਜਿਹੀ ਕੋਈ ਵੀ ਗੱਲ ਦੱਸਣ ਦੀ ਲੋੜ ਨਹੀਂ ਹੈ ਜਿਸ ਬਾਰੇ ਤੁਸੀਂ ਗੱਲ ਕਰਨ ਵਿੱਚ ਅਸਮਰੱਥ ਮਹਿਸੂਸ ਕਰਦੇ ਹੋ। ਕਈ ਵਾਰ ਉਹਨਾਂ ਨੂੰ ਦੂਜੀਆਂ ਏਜੰਸੀਆਂ ਨੂੰ ਸੂਚਿਤ ਕਰਨਾ ਪੈਂਦਾ ਹੈ ਜੇਕਰ ਬੱਚੇ ਜਾਂ ਹੋਰ ਲੋਕ ਖ਼ਤਰੇ ਵਿੱਚ ਹੋ ਸਕਦੇ ਹਨ। ਉਹ ਤੁਹਾਡੀ ਕੋਈ ਵੀ ਨਿੱਜੀ ਜਾਣਕਾਰੀ ਸਾਂਝੀ ਕਰਨ ਲਈ ਹਮੇਸ਼ਾ ਤੁਹਾਡੀ ਸਹਿਮਤੀ ਲੈਣਗੇ।

## ਫੋਰੈਂਸਿਕ ਡਾਕਟਰੀ ਜਾਂਚ

ਘਟਨਾ ਕਦੋਂ ਵਾਪਰੀ ਸੀ, ਇਸ ਦੇ ਆਧਾਰ 'ਤੇ ਸਟਾਫ ਤੁਹਾਨੂੰ ਜਾਂਚ ਕਰਵਾਉਣ ਦਾ ਵਿਕਲਪ ਦੇਵੇਗਾ, ਜੋ ਸਬੂਤਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰ ਸਕਦਾ ਹੈ (ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਕੀ ਹੋਇਆ ਸੀ, ਕਿਉਂਕਿ ਸਬੂਤ ਇਕੱਠੇ ਕਰਨ ਲਈ ਸਮਾਂ ਸੀਮਾ ਹੁੰਦੀ ਹੈ)। ਉਹ ਇਹ ਪੇਸ਼ਕਸ਼ ਤਾਂ ਵੀ ਕਰ ਸਕਦੇ ਹਨ ਜੇਕਰ ਤੁਸੀਂ ਉਸ ਸਮੇਂ Police ਨੂੰ ਸ਼ਾਮਲ ਨਹੀਂ ਕਰਨਾ ਚਾਹੁੰਦੇ, ਪਰ ਮਹਿਸੂਸ ਕਰਦੇ ਹੋ ਕਿ ਤੁਸੀਂ ਭਵਿੱਖ ਵਿੱਚ ਅਜਿਹਾ ਕਰਨਾ ਚਾਹ ਸਕਦੇ ਹੋ। ਜਾਂਚ ਇੱਕ ਵਿਸ਼ੇਸ਼ ਤੌਰ 'ਤੇ Sexual Offence Examiner (SOE) ਦੁਆਰਾ ਕੀਤੀ ਜਾਵੇਗੀ ਅਤੇ ਇੱਕ Crisis Worker ਦੁਆਰਾ ਤੁਹਾਡੀ ਸਹਾਇਤਾ ਕੀਤੀ ਜਾਵੇਗੀ।

Millfield House ਵਿਖੇ ਤੁਹਾਡੇ ਰਹਿਣ ਦੌਰਾਨ ਟੀਮ ਤੁਹਾਨੂੰ ਜਿੰਨੀ ਲੋੜ ਹੋਵੇਗੀ, ਉਨੀ ਸਹਾਇਤਾ ਪ੍ਰਦਾਨ ਕਰਨ ਲਈ ਉੱਥੇ ਮੌਜੂਦ ਹੈ। ਉਹ ਸਮਝਦੇ ਹਨ ਕਿ ਜਾਂਚ ਇੱਕ ਸੁਖਦ ਅਨੁਭਵ ਨਹੀਂ ਹੈ, ਪਰ ਤੁਹਾਡਾ Sexual Offence Examiner ਅਤੇ Crisis Worker ਜਾਂਚ ਨੂੰ ਜਿੰਨਾ ਸੰਭਵ ਹੋ ਸਕੇ ਸਹਿਜ ਬਣਾਉਣ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੇ।

ਤੁਸੀਂ ਕਿਸੇ ਵੀ ਸਮੇਂ ਰੁਕ ਸਕਦੇ ਹੋ ਜਾਂ ਵਿਰਾਮ ਲੈ ਸਕਦੇ ਹੋ... ਕਦੇ ਵੀ ਕੋਈ ਦਬਾਅ ਨਹੀਂ ਹੋਵੇਗਾ।

ਜਾਂਚ ਦੇ ਤਿੰਨ ਹਿੱਸੇ ਹਨ, ਅਤੇ SOE ਅਤੇ Crisis Worker ਜਾਂਚ ਦੇ ਹਰੇਕ ਹਿੱਸੇ ਬਾਰੇ ਦੱਸਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਸਮਝ ਗਏ ਹੋ।

ਤੁਹਾਨੂੰ ਜਾਂਚ ਲਈ ਗਾਊਨ ਪਹਿਨਣ ਲਈ ਕਿਹਾ ਜਾਵੇਗਾ, ਅਤੇ SOE ਇਹ ਯਕੀਨੀ ਬਣਾਏਗਾ ਕਿ ਤੁਸੀਂ ਪੂਰੀ ਪ੍ਰਕਿਰਿਆ ਦੌਰਾਨ ਜਿੰਨਾ ਸੰਭਵ ਹੋ ਸਕੇ, ਢਕੇ ਰਹੋ। ਸਿਰਫ਼ SOE ਅਤੇ Crisis Worker ਹੀ ਮੌਜੂਦ ਹੋਣਗੇ ਅਤੇ ਤੁਸੀਂ ਜਾਂਚ ਦੇ ਦੌਰਾਨ ਕਿਸੇ ਵੀ ਸਮੇਂ ਰੁਕ ਸਕਦੇ ਹੋ ਜਾਂ ਵਿਰਾਮ ਲੈ ਸਕਦੇ ਹੋ।

### ਜਾਂਚ ਦੇ ਤਿੰਨ ਹਿੱਸੇ ਹਨ:

1. ਤੁਹਾਡਾ ਡਾਕਟਰੀ ਇਤਿਹਾਸ ਇਕੱਠਾ ਕਰਨਾ - ਇਹ ਉਹਨਾਂ ਨੂੰ ਤੁਹਾਡੀ ਸਮੁੱਚੀ ਸਿਹਤ ਦੀ ਇੱਕ ਸਪੱਸ਼ਟ ਤਸਵੀਰ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦਾ ਹੈ, ਜਿਸ ਵਿੱਚ ਤੁਹਾਡੇ ਦੁਆਰਾ ਵਰਤਮਾਨ ਵਿੱਚ ਲਈਆਂ ਜਾ ਰਹੀਆਂ ਕੋਈ ਵੀ ਦਵਾਈਆਂ ਸ਼ਾਮਲ ਹਨ।

2. ਸਿਰ ਤੋਂ ਪੈਰਾਂ ਤੱਕ ਦੀ ਪੂਰੀ ਜਾਂਚ, ਜਿਸ ਵਿੱਚ ਅੰਦਰੂਨੀ ਜਾਂਚ ਵੀ ਸ਼ਾਮਲ ਹੋ ਸਕਦੀ ਹੈ।
ਸਟਾਫ਼ ਤੁਹਾਨੂੰ ਵੱਖ-ਵੱਖ ਸਬੂਤਾਂ ਬਾਰੇ ਵਿਸਥਾਰ ਵਿੱਚ ਦੱਸੇਗਾ ਜੋ ਉਹ ਇਕੱਠੇ ਕਰ ਸਕਦੇ ਹਨ।
ਜੋ ਵਾਪਰਿਆ ਹੈ, ਉਸ ਦੇ ਆਧਾਰ ‘ਤੇ ਇਸ ਵਿੱਚ ਇਹ ਸ਼ਾਮਲ ਹੋ ਸਕਦਾ ਹੈ:
   - ਸੱਟਾਂ (ਨੀਲ, ਕੱਟ ਅਤੇ ਖੁਰਚਾਂ) ਦਾ ਨੋਟ ਬਣਾਉਣਾ ਜਾਂ ਫੋਟੋਆਂ ਖਿੱਚਣਾ।
   - ਪਿਸ਼ਾਬ, ਵਾਲ਼ ਅਤੇ ਸੰਭਵ ਤੌਰ ‘ਤੇ ਖ਼ੂਨ ਦਾ ਨਮੂਨਾ ਲੈਣਾ
   - ਇੱਕ ਅੰਦਰੂਨੀ ਜਾਂਚ ਕਰਨਾ, ਸਮੀਅਰ ਟੈਸਟ (smear test) ਵਾਂਗ, ਤਾਂ ਜੋ ਫੋਰੈਂਸਿਕ ਨਮੂਨੇ ਲਏ ਜਾ ਸਕਣ।
   - ਤੁਹਾਡੇ ਕੱਪੜੇ ਰੱਖਣਾ (ਖਾਸ ਤੌਰ ‘ਤੇ ਅੰਡਰਗਾਰਮੈਂਟ)
   - ਤੁਹਾਡੇ ਸਰੀਰ ਦੇ ਹਿੱਸਿਆਂ ਤੋਂ ਸਵੈਬ ਨਮੂਨੇ ਲੈਣਾ।

3. ਜਾਂਚ ਤੋਂ ਬਾਅਦ, ਤੁਹਾਡੇ ਕੋਲ ਇਸ਼ਨਾਨ ਕਰਨ ਅਤੇ ਬਦਲ ਕੇ ਹੋਰ ਆਰਾਮਦਾਇਕ ਕੱਪੜੇ ਪਾਉਣ ਦਾ ਮੌਕਾ ਹੋਵੇਗਾ। ਟੀਮ ਤੁਹਾਨੂੰ ਨਿੱਜੀ ਸਵੈ-ਦੇਖਭਾਲ ਲਈ ਇੱਕ ਟਾਇਲਟਰੀ ਬੈਗ ਦੇਵੇਗੀ। ਕਰਮਚਾਰੀ ਫਿਰ ਤੁਹਾਡੇ ਨਾਲ ਐਮਰਜੈਂਸੀ ਗਰਭ ਨਿਰੋਧ ਜਾਂ ਹੋਰ ਇਲਾਜ ਦੀਆਂ ਲੋੜਾਂ ਬਾਰੇ ਚਰਚਾ ਕਰਨਗੇ। ਜੇਕਰ ਲੋੜ ਹੋਵੇ, ਤਾਂ ਉਹ ਐਮਰਜੈਂਸੀ ਗਰਭ ਨਿਰੋਧ ਪ੍ਰਦਾਨ ਕਰ ਸਕਦੇ ਹਨ। ਟੀਮ ਤੁਰੰਤ ਜਿਨਸੀ ਸਿਹਤ ਸੰਭਾਲ ਸਲਾਹ ਪ੍ਰਦਾਨ ਕਰਨ ਅਤੇ sexually transmitted infections (STIs) ਦੀ ਜਾਂਚ ਬਾਰੇ ਜਾਣਕਾਰੀ ਦੇਣ ਦੇ ਵੀ ਯੋਗ ਹੈ।

## ਅਗਲੇ ਕਦਮ

ਭਾਵੇਂ ਤੁਸੀਂ ਜਾਂਚ ਕਰਵਾਉਣ ਦੀ ਚੋਣ ਕਰੋ ਜਾਂ ਨਹੀਂ, ਟੀਮ ਤੁਹਾਨੂੰ ਉਹਨਾਂ ਹੋਰ ਸੇਵਾਵਾਂ ਬਾਰੇ ਦੱਸਣ ਦੇ ਯੋਗ ਹੋਵੇਗੀ ਜਿਹਨਾਂ ਲਈ ਉਹ ਤੁਹਾਨੂੰ ਰੈਫਰ ਕਰ ਸਕਦੇ ਹਨ। ਇਹ ਯਕੀਨੀ ਬਣਾਏਗਾ ਕਿ Millfield House ਦੀ ਤੁਹਾਡੀ ਮੁਲਾਕਾਤ ਤੋਂ ਬਾਅਦ ਵੀ ਤੁਹਾਨੂੰ ਲਗਾਤਾਰ ਸਹਾਇਤਾ ਮਿਲਦੀ ਰਹੇ। ਉਹ ਤੁਹਾਡੇ ਵੱਲੋਂ ਹੇਠਾਂ ਦਿੱਤੀਆਂ ਕਿਸੇ ਵੀ ਜਾਂ ਸਾਰੀਆਂ ਸੇਵਾਵਾਂ ਨਾਲ ਸੰਪਰਕ ਕਰ ਸਕਦੇ ਹਨ:

- GP
- Local Sexual Health Services
- Independent Sexual Violence Advisor (ISVA)
- Safeguarding Services
- Specialist Sexual Violence Support Services

## ਫਾਲੋ-ਅੱਪ

ਟੀਮ ਸਮਝਦੀ ਹੈ ਕਿ Millfield House ਤੋਂ ਜਾਣ ਤੋਂ ਬਾਅਦ ਤੁਹਾਡੇ ਮਨ ਵਿੱਚ ਸਵਾਲ ਹੋ ਸਕਦੇ ਹਨ ਅਤੇ ਤੁਸੀਂ ਕਿਸੇ ਵੀ ਸਮੇਂ ਉਹਨਾਂ ਨੂੰ ਫ਼ੋਨ ਕਰ ਸਕਦੇ ਹੋ।

## ਕਿਸੇ ਦੀ ਸਹਾਇਤਾ ਕਰਨਾ

ਜੇਕਰ ਤੁਸੀਂ Millfield House ਨਾਲ ਕਿਸੇ ਅਜਿਹੀ ਘਟਨਾ ਬਾਰੇ ਗੱਲ ਕਰਨੀ ਚਾਹੁੰਦੇ ਹੋ ਜੋ ਤੁਹਾਡੇ ਕਿਸੇ ਦੋਸਤ ਜਾਂ ਰਿਸ਼ਤੇਦਾਰ ਨਾਲ ਵਾਪਰੀ ਹੈ, ਤਾਂ ਉਹ ਤੁਹਾਨੂੰ ਆਪਣੀਆਂ ਸੇਵਾਵਾਂ ਬਾਰੇ ਵਿਸਥਾਰ ਵਿੱਚ ਦੱਸ ਸਕਦੇ ਹਨ ਅਤੇ ਭਾਵਨਾਤਮਕ ਤੇ ਵਿਹਾਰਕ ਸਹਾਇਤਾ ਪ੍ਰਦਾਨ ਕਰ ਸਕਦੇ ਹਨ।

**ਟੀਮ ਤੁਹਾਡੀ ਮੁਲਾਕਾਤ ਦੇ ਛੇ ਹਫ਼ਤਿਆਂ ਬਾਅਦ ਵੀ ਤੁਹਾਨੂੰ ਫ਼ੋਨ ਕਰੇਗੀ ਤਾਂ ਜੋ ਇਹ ਜਾਣਿਆ ਜਾ ਸਕੇ ਕਿ ਹਾਲਾਤ ਕਿਵੇਂ ਰਹੇ ਹਨ ਅਤੇ ਕੀ ਮਦਦ ਲਈ ਉਹ ਕੁਝ ਹੋਰ ਕਰ ਸਕਦੇ ਹਨ।**

# ਜਾਂਚ

Police ਕੇਸ ਦੀ ਕਿਵੇਂ ਜਾਂਚ ਕਰੇਗੀ

**ਜਦੋਂ ਤੁਸੀਂ Police ਨੂੰ ਰਿਪੋਰਟ ਜਾਂ ਖੁਲਾਸਾ ਕਰ ਦਿੰਦੇ ਹੋ, ਤਾਂ ਉਹ ਆਪਣੀ ਜਾਂਚ ਦਾ ਕੰਮ ਸ਼ੁਰੂ ਕਰ ਦੇਣਗੇ। ਇਹ ਸ਼ਾਮਲ ਹੋਵੇਗਾ:**

- **CCTV ਰਿਕਾਰਡਿੰਗਾਂ ਦੀ ਜਾਂਚ ਕਰਨਾ**
- **ਫੋਰੈਂਸਿਕ ਸਬੂਤਾਂ ਨੂੰ ਪ੍ਰਾਪਤ ਕਰਨਾ ਅਤੇ ਵਿਸ਼ਲੇਸ਼ਣ ਕਰਨਾ**
- **ਗਵਾਹਾਂ ਨਾਲ ਗੱਲ ਕਰਨਾ**
- **ਸਸਪੈਕਟ ਨੂੰ ਟ੍ਰੇਸ ਕਰਨਾ ਅਤੇ ਉਸਦਾ ਇੰਟਰਵਿਊ ਲੈਣਾ**
- **ਫੋਨਾਂ ਅਤੇ ਸੋਸ਼ਲ ਮੀਡੀਆ ਖਾਤਿਆਂ ਦੀ ਸਮੀਖਿਆ ਕਰਨਾ** (ਸ਼ੱਕੀ ਅਤੇ ਪੀੜਤ ਦੋਵਾਂ ਦੇ)।

## ਮੋਬਾਈਲ ਫ਼ੋਨ

ਇਹ ਜਾਣਨਾ ਮਹੱਤਵਪੂਰਨ ਹੈ ਕਿ Police ਤੁਹਾਡੇ ਮੋਬਾਈਲ ਫੋਨ ਦੀ ਮੰਗ ਕਰ ਸਕਦੀ ਹੈ ਅਤੇ ਇਸ ਵਿਚਲੀ ਸਮੱਗਰੀ ਨੂੰ ਡਾਊਨਲੋਡ ਕਰ ਸਕਦੀ ਹੈ; ਉਹ ਅਜਿਹਾ ਤਾਂ ਹੀ ਕਰਨਗੇ ਜੇਕਰ ਇਹ ਕੇਸ ਲਈ ਬਹੁਤ ਜ਼ਰੂਰੀ ਹੋਵੇਗਾ ਇਸਦਾ ਮਤਲਬ ਇਹ ਹੈ ਕਿ ਇਹ ਮੰਨਿਆ ਜਾਂਦਾ ਹੈ ਕਿ ਇਸ ਵਿੱਚ ਅਜਿਹੇ ਸਬੂਤ ਹਨ ਜੋ ਇਸਤਗਾਸਾ ਪੱਖ ਦੀ ਮਦਦ ਕਰਨਗੇ, ਜਾਂ ਪ੍ਰਤਿਵਾਦੀ ਨੇ ਕਿਹਾ ਹੈ ਕਿ ਇਸ ਵਿੱਚ ਅਜਿਹੀ ਖਾਸ ਸਮੱਗਰੀ ਹੈ ਜੋ ਉਸਦੇ ਪੱਖ ਦਾ ਸਮਰਥਨ ਕਰੇਗੀ ਜਾਂ ਇਸਤਗਾਸਾ ਦੇ ਪੱਖ ਨੂੰ ਕਮਜ਼ੋਰ ਕਰੇਗੀ। ਇਸ ਤਰ੍ਹਾਂ ਕਰਨ ਨਾਲ, Police ਇਹ ਦਿਖਾ ਸਕਦੀ ਹੈ ਕਿ ਉਨ੍ਹਾਂ ਨੇ ਪੂਰੀ ਤਰ੍ਹਾਂ ਜਾਂਚ ਕੀਤੀ ਹੈ ਅਤੇ ਸਾਰੇ ਸੰਬੰਧਿਤ ਸਬੂਤ ਇਕੱਠੇ ਕੀਤੇ ਹਨ, ਜੋ ਕੇਸ ਦੇ ਸਫਲ ਹੋਣ ਦੀ ਬਿਹਤਰ ਸੰਭਾਵਨਾ ਪ੍ਰਦਾਨ ਕਰਦਾ ਹੈ, ਜਾਂ ਦੋਸ਼ੀ ਨੂੰ ਨਿਰਪੱਖ ਸੁਣਵਾਈ ਦਾ ਮੌਕਾ ਦਿੰਦਾ ਹੈ।

ਤੁਸੀਂ Police ਨੂੰ ਆਪਣਾ ਫ਼ੋਨ ਨਾ ਦੇਣ ਦੀ ਚੋਣ ਕਰ ਸਕਦੇ ਹੋ - ਹਾਲਾਂਕਿ, ਇਸਦਾ ਅਸਰ ਇਸ ਗੱਲ 'ਤੇ ਪੈ ਸਕਦਾ ਹੈ ਕਿ ਕੀ ਕੇਸ ਨੂੰ ਅੱਗੇ ਵਧਾਇਆ ਜਾ ਸਕਦਾ ਹੈ, ਕਿਉਂਕਿ ਬਚਾਅ ਪੱਖ ਦੇ ਵਕੀਲ ਇਹ ਦਲੀਲ ਦੇ ਸਕਦੇ ਹਨ ਕਿ ਅਜਿਹੇ ਸਬੂਤ ਇਕੱਠੇ ਨਹੀਂ ਕੀਤੇ ਗਏ ਹਨ ਜੋ **ਪ੍ਰਤਿਵਾਦੀ** ਦਾ ਸਮਰਥਨ ਕਰ ਸਕਦੇ ਹੋਣ ਅਤੇ ਪ੍ਰਤਿਵਾਦੀ ਨੂੰ ਨਿਰਪੱਖ ਸੁਣਵਾਈ ਨਹੀਂ ਮਿਲ ਸਕੇ। ਹਰੇਕ ਕੇਸ ਅਤੇ ਸਥਿਤੀ ਨੂੰ ਵਿਅਕਤੀਗਤ ਤੌਰ 'ਤੇ ਦੇਖਿਆ ਜਾਵੇਗਾ ਅਤੇ ਪੁਲਿਸ ਤੁਹਾਡੀ ਕਿਸੇ ਵੀ ਚਿੰਤਾ ਬਾਰੇ ਤੁਹਾਡੇ ਨਾਲ ਚਰਚਾ ਕਰੇਗੀ, ਤਾਂ ਜੋ ਤੁਸੀਂ ਸੂਚਿਤ ਫ਼ੈਸਲਾ ਲੈ ਸਕੋ।

## ਜਾਂਚ ਦੀ ਮਿਆਦ

ਬਲਾਤਕਾਰ ਅਤੇ ਗੰਭੀਰ ਜਿਨਸੀ ਅਪਰਾਧਾਂ ਦੀ ਜਾਂਚ ਬਹੁਤ ਲੰਬੀ ਹੋ ਸਕਦੀ ਹੈ। ਇਹ ਜਾਂਚ ਦੀਆਂ ਉਨ੍ਹਾਂ ਸਾਰੀਆਂ ਵਾਜਬ ਦਿਸ਼ਾਵਾਂ ਦੀ ਪਾਲਣਾ ਕਰਨ ਲਈ ਜ਼ਰੂਰੀ ਹੈ ਜੋ ਸਸਪੈਕਟ ਦੇ ਪੱਖ ਵਿੱਚ ਅਤੇ ਉਸਦੇ ਵਿਰੁੱਧ ਜਾਂਦੀਆਂ ਹੋਣ। ਖਾਸ ਕਰਕੇ ਪੁਰਾਣੇ ਮਾਮਲਿਆਂ ਵਿੱਚ ਜ਼ਿਆਦਾ ਸਮਾਂ ਲੱਗ ਸਕਦਾ ਹੈ ਕਿਉਂਕਿ ਪੁਰਾਣੀ ਸਮੱਗਰੀ ਅਤੇ ਸਬੂਤਾਂ ਨੂੰ ਲੱਭਣ ਅਤੇ ਦੇਖਣ ਦੀ ਲੋੜ ਹੁੰਦੀ ਹੈ।

## ਸਬੂਤਾਂ ਦੀ ਸਮੀਖਿਆ

ਜਦੋਂ **Officer in the Case (OIC)** ਨੇ ਸਾਰੇ ਸਬੂਤ ਇਕੱਠੇ ਕਰ ਲਏ ਹੁੰਦੇ ਹਨ, ਤਾਂ ਉਹ Police Detective Sergeant ਨੂੰ ਜਾਂਚ ਦੀ ਸਮੀਖਿਆ ਕਰਨ ਲਈ ਕਹਿਣਗੇ। ਇਸ ਸਮੀਖਿਆ ਵਿੱਚ ਕੇਸ ਦੇ ਮਜ਼ਬੂਤ ਅਤੇ ਕਮਜ਼ੋਰ ਪੱਖਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ।

ਜਦੋਂ ਇਹ ਸਮੀਖਿਆ ਪੂਰੀ ਹੋ ਜਾਂਦੀ ਹੈ, ਤਾਂ Detective Sergeant ਕੇਸ ਨੂੰ Police Detective Inspector ਦੇ ਸਾਹਮਣੇ ਪੇਸ਼ ਕਰੇਗਾ ਜੋ ਜਾਂਚ ਦੀ ਦੁਬਾਰਾ ਸਮੀਖਿਆ ਕਰੇਗਾ। Detective Inspector ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਚਾਰਜ (ਦੋਸ਼) ਲਗਾਉਣ ਦੇ ਫ਼ੈਸਲੇ ਲਈ **Crown Prosecution Service (CPS) ਨੂੰ ਭੇਜਣ ਤੋਂ ਪਹਿਲਾਂ** ਹੇਠਾਂ **ਦਿੱਤੀਆਂ ਸ਼ਰਤਾਂ ਪੂਰੀਆਂ ਹੁੰਦੀਆਂ** ਹੋਣ:

- ਇਹ ਸਬੂਤਾਂ ਦੀਆਂ ਲੋੜੀਂਦੀਆਂ ਸ਼ਰਤਾਂ (evidential threshold) ਨੂੰ ਪੂਰਾ ਕਰਦਾ ਹੈ।
- ਇਹ ਕਿ ਸਜ਼ਾ ਹੋਣ ਦੀ ਅਸਲ ਸੰਭਾਵਨਾ ਹੈ।

ਜੇਕਰ Detective Inspector ਇਹ ਫ਼ੈਸਲਾ ਕਰਦਾ ਹੈ ਕਿ ਤੁਹਾਡਾ ਕੇਸ CPS ਨੂੰ ਨਹੀਂ ਭੇਜਿਆ ਜਾਣਾ ਚਾਹੀਦਾ, ਤਾਂ Police **Officer in the Case (OIC)** ਤੁਹਾਨੂੰ ਇਸ ਫੈਸਲੇ ਬਾਰੇ ਦੱਸੇਗਾ।

ਜੇਕਰ ਕੇਸ CPS ਨੂੰ ਭੇਜ ਦਿੱਤਾ ਜਾਂਦਾ ਹੈ, ਤਾਂ ਇੱਕ **Senior Crown Prosecutor** (ਜੋ ਕਿ ਬਲਾਤਕਾਰ ਅਤੇ ਜਿਨਸੀ ਅਪਰਾਧਾਂ ਦੇ ਕੇਸਾਂ ਵਿੱਚ ਮਾਹਰ ਵਕੀਲ ਹੋਵੇਗਾ) ਕੇਸ ਦੀ ਸਮੀਖਿਆ ਕਰੇਗਾ ਅਤੇ Police ਨੂੰ ਦੱਸੇਗਾ ਕਿ ਕੀ ਉਹ **ਸਸਪੈਕਟ** 'ਤੇ ਦੋਸ਼ ਲਗਾ ਸਕਦੇ ਹਨ। ਇਸ ਪ੍ਰਕਿਰਿਆ ਵਿੱਚ 28 ਦਿਨਾਂ ਤੱਕ ਦਾ ਸਮਾਂ ਲੱਗ ਸਕਦਾ ਹੈ, ਜਿਸਦਾ ਮਤਲਬ ਹੈ ਕਿ Police ਨੂੰ ਜਾਂਚ ਦੌਰਾਨ ਸਸਪੈਕਟ ਨੂੰ ਰਿਹਾਅ ਕਰਨਾ ਪੈ ਸਕਦਾ ਹੈ। ਕਈ ਵਾਰ, CPS ਕੋਈ ਫ਼ੈਸਲਾ ਲੈਣ ਤੋਂ ਪਹਿਲਾਂ ਹੋਰ ਸਬੂਤ ਇਕੱਠੇ ਕਰਨ ਲਈ ਪੁਲਿਸ ਨੂੰ ਕੁਝ ਵਾਧੂ ਪੁੱਛਗਿੱਛ ਕਰਨ ਲਈ ਕਹਿ ਸਕਦਾ ਹੈ; ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਅੰਤਿਮ ਫੈਸਲੇ ਵਿੱਚ 28 ਦਿਨਾਂ ਤੋਂ ਵੱਧ ਸਮਾਂ ਲੱਗ ਸਕਦਾ ਹੈ।

**Police ਤੁਹਾਡੇ ਫ਼ੋਨ ਦੀ ਸਮੱਗਰੀ 'ਤੇ ਸਿਰਫ਼ ਤਾਂ ਹੀ ਕਾਰਵਾਈ ਕਰੇਗੀ ਜੇਕਰ ਉਹਨਾਂ ਨੂੰ ਸਮੱਗਰੀ ਦੇ ਅੰਦਰ ਜਾਂਚ ਨਾਲ ਸਬੰਧਤ ਕੁਝ ਮਿਲਦਾ ਹੈ, ਜਾਂ ਜੇਕਰ ਉਹਨਾਂ ਨੂੰ ਕੋਈ ਅਪਰਾਧ ਕੀਤੇ ਜਾਣ ਦੇ ਸਬੂਤ ਮਿਲਦੇ ਹਨ।**

ਜੇਕਰ CPS ਇਹ ਫੈਸਲਾ ਕਰਦਾ ਹੈ ਕਿ ਸਸਪੈਕਟ 'ਤੇ ਦੋਸ਼ ਲਗਾਉਣ ਲਈ ਕਾਫ਼ੀ ਸਬੂਤ ਹਨ, ਤਾਂ ਉਹ ਤੁਹਾਡੇ OIC ਨੂੰ ਸੂਚਿਤ ਕਰਨਗੇ, ਜੋ ਫਿਰ ਇਸ ਫੈਸਲੇ ਬਾਰੇ ਤੁਹਾਨੂੰ ਸਲਾਹ ਦੇਣ ਲਈ ਤੁਹਾਡੇ ਨਾਲ ਸੰਪਰਕ ਕਰੇਗਾ। ਜੇਕਰ CPS ਇਹ ਫੈਸਲਾ ਕਰਦਾ ਹੈ ਕਿ ਸਸਪੈਕਟ ਵਿਰੁੱਧ ਦੋਸ਼ ਲਗਾਉਣ ਲਈ ਕਾਫ਼ੀ ਸਬੂਤ ਨਹੀਂ ਹਨ, ਤਾਂ Senior Crown Prosecutor ਤੁਹਾਨੂੰ ਇਸ ਫੈਸਲੇ ਦੀ ਵਿਆਖਿਆ ਕਰਨ ਲਈ ਨਿੱਜੀ ਤੌਰ 'ਤੇ ਪੱਤਰ ਲਿਖੇਗਾ।

Police ਜਾਂਚ ਦੇ ਹਰ ਪੜਾਅ 'ਤੇ ਤੁਹਾਨੂੰ ਜਾਣਕਾਰੀ ਦਿੰਦੀ ਰਹੇਗੀ। ਬਦਕਿਸਮਤੀ ਨਾਲ, Police ਅਧਿਕਾਰੀ ਅਤੇ Senior Crown Prosecutor ਤੁਹਾਨੂੰ ਇਹ ਐਨ ਸਹੀ-ਸਹੀ ਨਹੀਂ ਦੱਸ ਸਕਣਗੇ ਕਿ ਜਾਂਚ ਜਾਂ CPS ਦੇ ਦੋਸ਼ ਲਗਾਉਣ ਦੇ ਫੈਸਲੇ ਵਿੱਚ ਕਿੰਨਾ ਸਮਾਂ ਲੱਗੇਗਾ, ਪਰ ਉਹ ਕੇਸ ਦੀ ਗੁਣਵੱਤਾ ਨਾਲ ਸਮਝੌਤਾ ਕੀਤੇ ਬਿਨਾਂ, ਆਪਣਾ ਕੰਮ ਜਿੰਨੀ ਜਲਦੀ ਹੋ ਸਕੇ ਪੂਰਾ ਕਰਨ ਦੀ ਕੋਸ਼ਿਸ਼ ਕਰਨਗੇ। ਤੁਹਾਨੂੰ **ਵਿਕਟਿਮ ਕੋਡ (Victim's Code)** ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ, ਜੋ ਉਹਨਾਂ ਸੇਵਾਵਾਂ ਬਾਰੇ ਦੱਸਦਾ ਹੈ ਜਿਨ੍ਹਾਂ ਦੀ ਤੁਸੀਂ ਪੁਲਿਸ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਦੀਆਂ ਏਜੰਸੀਆਂ ਤੋਂ ਉਮੀਦ ਕਰ ਸਕਦੇ ਹੋ। ਇਸਨੂੰ ਇੱਥੇ ਲੱਭਿਆ ਜਾ ਸਕਦਾ ਹੈ www.derbyshire.police.uk/SysSiteAssets/media/downloads/derbyshire/about-us/code-of-practice-for-victims-july-2022.pdf

ਜਦੋਂ Police ਦੀ ਜਾਂਚ ਚੱਲ ਰਹੀ ਹੁੰਦੀ ਹੈ, ਤਾਂ ਆਮ ਤੌਰ 'ਤੇ ਪ੍ਰਤਿਵਾਦੀ ਨੂੰ ਤੁਹਾਡੇ ਨਾਲ ਗੱਲ ਕਰਨ ਦੀ ਇਜਾਜ਼ਤ ਨਹੀਂ ਹੁੰਦੀ। ਜੇਕਰ ਉਹਨਾਂ 'ਤੇ ਤੁਹਾਨੂੰ ਡਰਾਉਣ-ਧਮਕਾਉਣ ਦੀ ਕੋਸ਼ਿਸ਼ ਕਰਨ ਦਾ ਸ਼ੱਕ ਹੁੰਦਾ ਹੈ, ਤਾਂ ਉਹਨਾਂ ਨੂੰ ਇੱਕ ਹੋਰ ਅਪਰਾਧ ਲਈ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਭਾਵੇਂ ਪੁਲਿਸ ਨੂੰ ਹੁਣ ਕੋਈ ਮੇਲ ਨਾ ਮਿਲੇ, ਫਿਰ ਵੀ ਇਹ ਸੰਭਵ ਹੈ ਕਿ ਭਵਿੱਖ ਵਿੱਚ ਉਹਨਾਂ ਨੂੰ ਉਸ DNA ਦਾ ਕੋਈ ਮੇਲ ਮਿਲ ਜਾਵੇ।

## ਕੀ ਹੋਵੇਗਾ ਜੇਕਰ DNA ਜਾਂ ਫੋਰੈਂਸਿਕ ਸਬੂਤਾਂ ਦਾ ਕੋਈ ਮੇਲ ਨਹੀਂ ਹੁੰਦਾ?

DNA ਅਤੇ ਫੋਰੈਂਸਿਕ ਸਬੂਤ ਕੁਝ ਜਾਂਚਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਇਹ ਸਬੂਤ ਤੁਹਾਡੇ ਤੋਂ, ਅਪਰਾਧੀ ਤੋਂ ਜਾਂ ਉਸ ਥਾਂ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ ਜਿੱਥੇ ਘਟਨਾ ਵਾਪਰੀ ਸੀ।

ਨੈਸ਼ਨਲ DNA ਡੇਟਾਬੇਸ ਵਿੱਚ ਹਜ਼ਾਰਾਂ ਲੋਕਾਂ ਦੇ DNA ਮੌਜੂਦ ਹਨ। Police ਹਰ ਉਸ ਵਿਅਕਤੀ ਦਾ DNA ਲੈਂਦੀ ਹੈ ਜਿਸ ਨੂੰ ਉਹ ਗ੍ਰਿਫਤਾਰ ਕਰਦੇ ਹਨ ਅਤੇ ਇਸਨੂੰ ਡੇਟਾਬੇਸ ਵਿੱਚ ਸ਼ਾਮਲ ਕਰਦੇ ਹਨ। ਉਹ ਫਿਰ ਇਹ ਦੇਖਣ ਲਈ ਜਾਂਚ ਕਰ ਸਕਦੇ ਹਨ ਕਿ ਕੀ ਇਹ ਕਿਸੇ ਅਣਸੁਲਝੇ ਹੋਏ ਅਪਰਾਧਾਂ ਨਾਲ ਮੇਲ ਖਾਂਦਾ ਹੈ। ਕਦੇ-ਕਦੇ ਇਹ ਜਾਂਚ ਲਈ ਮਦਦਗਾਰ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ, ਪਰ ਕਦੇ-ਕਦੇ ਲੋਕ ਪਹਿਲਾਂ Police ਦੇ ਸੰਪਰਕ ਵਿੱਚ ਨਹੀਂ ਆਏ ਹੁੰਦੇ ਅਤੇ ਹੋ ਸਕਦਾ ਹੈ ਕਿ ਕੋਈ ਮੇਲ ਨਾ ਮਿਲੇ। ਹੋ ਸਕਦਾ ਹੈ ਕਿ ਇਹ ਉਹਨਾਂ ਦਾ ਪਹਿਲਾ ਅਪਰਾਧ ਹੋਵੇ ਜਾਂ ਪਹਿਲੀ ਵਾਰ Police ਇੱਕ ਪੂਰਾ DNA ਪ੍ਰੋਫਾਈਲ ਪ੍ਰਾਪਤ ਕਰਨ ਵਿੱਚ ਸਫਲ ਹੋਈ ਹੋਵੇ।

Police ਕੋਲ ਇਸ ਸਮੇਂ ਕਈ ਅਣਸੁਲਝੇ ਗੰਭੀਰ ਜਿਨਸੀ ਅਪਰਾਧਾਂ ਦੇ DNA ਸਬੂਤ ਸਟੋਰ ਕੀਤੇ ਹੋਏ ਹਨ, ਜਿਨ੍ਹਾਂ ਦੀ ਉਹ ਨਿਯਮਿਤ ਤੌਰ 'ਤੇ ਡੇਟਾਬੇਸ ਨਾਲ ਜਾਂਚ ਕਰਦੇ ਹਨ। ਉਹ ਪ੍ਰਤਿਵਾਦੀ ਦੇ ਨਜ਼ਦੀਕੀ ਮੇਲ (ਰਿਸ਼ਤੇਦਾਰਾਂ) ਦੀ ਭਾਲ ਕਰਨ ਲਈ ਪਰਿਵਾਰਕ ਖੋਜ ਵੀ ਕਰ ਸਕਦੇ ਹਨ।

## ਕੀ ਇਹ ਹਮੇਸ਼ਾ ਅਦਾਲਤ ਤੱਕ ਜਾਂਦਾ ਹੈ?

ਤੁਹਾਡਾ ਕੇਸ ਸਿਰਫ਼ ਤਾਂ ਹੀ ਅਦਾਲਤ ਵਿੱਚ ਜਾਵੇਗਾ ਜੇਕਰ ਕਿਸੇ ਵਿਅਕਤੀ 'ਤੇ ਦੋਸ਼ ਲਗਾਏ ਜਾਂਦੇ ਹਨ, ਜਾਂ ਸੰਮਨ ਲਈ ਰਿਪੋਰਟ ਕੀਤੀ ਜਾਂਦੀ ਹੈ। ਸੰਮਨ ਲਈ ਰਿਪੋਰਟ ਕਰਨਾ ਪ੍ਰਤਿਵਾਦੀ ਨੂੰ ਇਹ ਦੱਸਣ ਦਾ ਇੱਕ ਵਿਕਲਪਿਕ ਤਰੀਕਾ ਹੈ ਕਿ ਉਹਨਾਂ ਨੂੰ ਅਦਾਲਤ ਵਿੱਚ ਪੇਸ਼ ਹੋਣਾ ਪਵੇਗਾ ਅਤੇ ਇਹ ਉੱਪਰ ਦੱਸੀ ਗਈ CPS ਦੇ ਫੈਸਲੇ ਦੀ ਪ੍ਰਕਿਰਿਆ ਤੋਂ ਬਾਅਦ ਹੋਵੇਗਾ।

ਕੁਝ ਜਿਨਸੀ ਅਪਰਾਧ ਦੇ ਕੇਸ ਅਦਾਲਤ ਨਹੀਂ ਜਾਂਦੇ। ਇਸਦਾ ਮਤਲਬ ਇਹ ਨਹੀਂ ਹੈ ਕਿ Police, Crown Prosecution Service ਅਤੇ ਜਿਨਸੀ ਹਿੰਸਾ ਸਹਾਇਤਾ ਸੇਵਾਵਾਂ ਤੁਹਾਡੇ 'ਤੇ ਵਿਸ਼ਵਾਸ ਨਹੀਂ ਕਰਦੀਆਂ - ਇਸਦਾ ਮਤਲਬ ਸਿਰਫ਼ ਇਹ ਹੈ ਕਿ ਕੇਸ ਨੂੰ ਅਦਾਲਤ ਵਿੱਚ ਲੈ ਜਾਣ ਲਈ ਲੋੜੀਂਦੇ ਸਬੂਤ ਨਹੀਂ ਹਨ। ਤੁਹਾਨੂੰ ਅਜੇ ਵੀ ਸਹਾਇਤਾ ਮਿਲਦੀ ਰਹੇਗੀ ਅਤੇ ਤੁਹਾਡਾ **ਗੁਮਨਾਮ ਰਹਿਣ ਦਾ ਅਧਿਕਾਰ** ਬਰਕਰਾਰ ਰਹੇਗਾ।

ਤੁਹਾਡਾ ISVA
ਤੁਹਾਨੂੰ ਹਰ ਕਦਮ 'ਤੇ
ਸੂਚਿਤ ਕਰੇਗਾ ਅਤੇ ਤੁਹਾਡੀ
ਸਹਾਇਤਾ ਕਰੇਗਾ

# ਅਦਾਲਤ ਵਿੱਚ ਜਾਣਾ

ਅਦਾਲਤੀ ਕੇਸ
ਅਤੇ ਗਵਾਹੀ ਦੇਣ ਲਈ ਇੱਕ ਗਾਈਡ

**ਜੇਕਰ Crown Prosecution Service (CPS) ਇਹ ਸਲਾਹ ਦਿੰਦੀ ਹੈ ਕਿ ਸਸਪੈਕਟ 'ਤੇ ਦੋਸ਼ ਲਗਾਏ ਜਾਣੇ ਚਾਹੀਦੇ ਹਨ, ਤਾਂ ਪਹਿਲੇ ਪੜਾਅ ਦੀ 'ਸੁਣਵਾਈ' Magistrates' Court ਵਿੱਚ ਹੋਵੇਗੀ। ਸਸਪੈਕਟ, ਜਿਸ ਨੂੰ ਦੋਸ਼ ਲੱਗਣ ਤੋਂ ਬਾਅਦ 'ਪ੍ਰਤਿਵਾਦੀ' (ਬਚਾਅ ਪੱਖ) ਕਿਹਾ ਜਾਵੇਗਾ, ਨੂੰ ਹਾਜ਼ਰ ਹੋਣਾ ਪਵੇਗਾ। ਤੁਹਾਨੂੰ ਇਸ ਪੜਾਅ 'ਤੇ ਹਾਜ਼ਰ ਹੋਣ ਦੀ ਲੋੜ ਨਹੀਂ ਹੋਵੇਗੀ, ਜਦੋਂ ਤੱਕ ਤੁਸੀਂ ਖੁਦ ਨਾ ਚਾਹੋ। ਫੌਜਦਾਰੀ ਕਾਰਵਾਈਆਂ ਦੌਰਾਨ ਤੁਹਾਡੀ ਸਹਾਇਤਾ ਲਈ ਇੱਕ Independent Sexual Violence Advisor (ISVA) ਦਾ ਹੋਣਾ ਬਹੁਤ ਮਦਦਗਾਰ ਹੁੰਦਾ ਹੈ।**

## Early Court Stage

**Magistrates' Court** ਕੇਸ ਨੂੰ **Crown Court** ਵਿੱਚ ਭੇਜ ਸਕਦੀ ਹੈ। ਵਿਕਲਪਕ ਤੌਰ 'ਤੇ, ਉਹ ਕੇਸ ਨੂੰ Magistrates' Court ਵਿੱਚ ਰੱਖਣ ਦਾ ਫੈਸਲਾ ਕਰ ਸਕਦੇ ਹਨ ਅਤੇ ਪ੍ਰਤਿਵਾਦੀ ਨੂੰ ਪੁੱਛਿਆ ਜਾਵੇਗਾ ਕਿ ਕੀ ਉਹ ਆਪਣਾ ਗੁਨਾਹ ਕਬੂਲ ਕਰਨਾ ਚਾਹੁੰਦਾ ਹੈ ਜਾਂ ਨਹੀਂ। ਜੇਕਰ ਕੇਸ Crown Court ਵਿੱਚ ਭੇਜਿਆ ਜਾਂਦਾ ਹੈ, ਤਾਂ ਪਹਿਲੀ ਸੁਣਵਾਈ Plea and Trial Preparation Hearing - PTPH ਹੋਵੇਗੀ। ਇਹ ਉਹ ਪੜਾਅ ਹੈ ਜਿੱਥੇ ਪ੍ਰਤਿਵਾਦੀ ਆਪਣਾ ਗੁਨਾਹ ਕਬੂਲ ਕਰਨ ਜਾਂ ਨਾ ਕਬੂਲ ਕਰਨ ਬਾਰੇ ਆਪਣਾ ਬਿਆਨ ਦਰਜ ਕਰਦਾ ਹੈ। ਚਾਹੇ Magistrates' Court ਹੋਵੇ ਜਾਂ Crown Court ਜੇਕਰ ਪ੍ਰਤਿਵਾਦੀ ਆਪਣਾ ਗੁਨਾਹ ਕਬੂਲ ਕਰ ਲੈਂਦਾ ਹੈ, ਤਾਂ ਸਜ਼ਾ ਸੁਣਾਉਣ ਦੀ ਸੁਣਵਾਈ ਲਈ ਇੱਕ ਤਰੀਕ ਤੈਅ ਕੀਤੀ ਜਾਵੇਗੀ। ਜੇਕਰ ਉਹ ਗੁਨਾਹ ਕਬੂਲ ਨਹੀਂ ਕਰਦੇ, ਤਾਂ ਮੁਕੱਦਮੇ ਲਈ ਇੱਕ ਤਰੀਕ ਤੈਅ ਕੀਤੀ ਜਾਵੇਗੀ। ਦੋਵੇਂ ਅਦਾਲਤਾਂ ਪ੍ਰਤਿਵਾਦੀ ਦੀ ਜ਼ਮਾਨਤ ਬਾਰੇ ਫੈਸਲੇ ਲੈ ਸਕਦੀਆਂ ਹਨ।

> Police Officer in the Case (OIC) ਤੁਹਾਡੇ ਨਾਲ ਸੰਪਰਕ ਵਿੱਚ ਰਹਿਣਾ ਚਾਹੀਦਾ ਹੈ ਅਤੇ ਤੁਹਾਨੂੰ ਅਦਾਲਤੀ ਕੇਸ ਤੋਂ ਪਹਿਲਾਂ witness care team ਵੱਲੋਂ ਵੀ ਸੰਪਰਕ ਕੀਤਾ ਜਾਵੇਗਾ।

## ਅਦਾਲਤ ਲਈ ਤਿਆਰੀ - ਵਿਸ਼ੇਸ਼ ਉਪਾਅ

ਅਸੀਂ ਸਮਝਦੇ ਹਾਂ ਕਿ ਮੁਕੱਦਮੇ ਲਈ ਅਦਾਲਤ ਵਿੱਚ ਜਾਣ ਦੀ ਤਿਆਰੀ ਕਰਨਾ ਬਹੁਤ ਚਿੰਤਾਜਨਕ ਸਮਾਂ ਹੋ ਸਕਦਾ ਹੈ। Crown Prosecution Service ਨੇ ਪੀੜਤਾਂ ਲਈ ਇੱਕ ਗਾਈਡ ਤਿਆਰ ਕੀਤੀ ਹੈ ਤਾਂ ਜੋ ਅਪਰਾਧਿਕ ਮੁਕੱਦਮੇ ਦੀ ਪ੍ਰਕਿਰਿਆ ਅਤੇ ਹਰੇਕ ਪੜਾਅ 'ਤੇ ਤੁਸੀਂ ਕੀ ਉਮੀਦ ਕਰ ਸਕਦੇ ਹੋ, ਇਸ ਬਾਰੇ ਜਾਣਕਾਰੀ ਦਿੱਤੀ ਜਾ ਸਕੇ। ਤੁਸੀਂ ਇਸ ਗਾਈਡ ਨੂੰ ਪੂਰਾ ਪੜ੍ਹ ਸਕਦੇ ਹੋ ਜਾਂ ਉਸ ਪੜਾਅ ਦੀ ਚੋਣ ਕਰ ਸਕਦੇ ਹੋ ਜੋ ਤੁਹਾਡੇ ਲਈ ਸਭ ਤੋਂ ਵੱਧ ਢੁਕਵਾਂ ਹੈ: www.cps.gov.uk/rasso-guide/rasso-victims-guide

**ਵਿਸ਼ੇਸ਼ ਉਪਾਅ** ਉਹ ਕਦਮ ਹਨ ਜੋ ਸਰਵਾਈਵਰਾਂ ਅਤੇ ਗਵਾਹਾਂ ਦੀ ਵਧੀਆ ਤਰੀਕੇ ਨਾਲ ਗਵਾਹੀ ਦੇਣ ਵਿੱਚ ਮਦਦ ਕਰਨ ਲਈ ਅਤੇ ਗਵਾਹੀ ਦੇਣ ਨਾਲ ਜੁੜੇ ਤਣਾਅ ਨੂੰ ਘੱਟ ਕਰਨ ਲਈ ਚੁੱਕੇ ਜਾਂਦੇ ਹਨ। ਵਿਸ਼ੇਸ਼ ਉਪਾਅ ਵਿਅਕਤੀ ਦੀਆਂ ਖਾਸ ਲੋੜਾਂ ਅਨੁਸਾਰ ਤਿਆਰ ਕੀਤੇ ਜਾਣੇ ਚਾਹੀਦੇ ਹਨ।

ਇਹਨਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਪਰਦੇ (screen) ਦੇ ਪਿੱਛੇ ਰਹਿ ਕੇ ਅਦਾਲਤ ਵਿੱਚ ਗਵਾਹੀ ਦੇਣਾ।
- ਲਾਈਵ ਵੀਡੀਓ ਲਿੰਕ ਰਾਹੀਂ ਅਦਾਲਤ ਤੋਂ ਬਾਹਰ ਰਹਿ ਕੇ ਗਵਾਹੀ ਦੇਣਾ।
- ਅਦਾਲਤ ਵਿੱਚ ਚਲਾਉਣ ਲਈ ਤੁਹਾਡੇ ਬਿਆਨ ਦੀ ਵੀਡੀਓ ਰਿਕਾਰਡਿੰਗ।
- ਜੱਜਾਂ ਅਤੇ ਵਕੀਲਾਂ ਵੱਲੋਂ ਵਿੱਗ ਅਤੇ ਗਾਊਨ ਉਤਾਰਨਾ।
- ਤੁਹਾਡੇ ਤੋਂ ਪੁੱਛੇ ਜਾ ਰਹੇ ਸਵਾਲਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ Registered Intermediary ਦੀ ਸਹਾਇਤਾ ਲੈਣਾ।
- ਜਨਤਕ ਗੈਲਰੀ ਨੂੰ ਖਾਲੀ ਕਰਨਾ ਤਾਂ ਜੋ ਜਦੋਂ ਤੁਸੀਂ ਆਪਣੀ ਗਵਾਹੀ ਦਿਓ, ਤਾਂ ਜਨਤਾ ਦਾ ਕੋਈ ਵੀ ਮੈਂਬਰ ਤੁਹਾਨੂੰ ਨਾ ਦੇਖ ਸਕੇ। ਇਸ ਵਿੱਚ ਬਚਾਅ ਪੱਖ ਦੇ ਪਰਿਵਾਰਕ ਮੈਂਬਰ ਅਤੇ ਸਾਥੀ ਸ਼ਾਮਲ ਹੋ ਸਕਦੇ ਹਨ,
- ਤੁਹਾਡੇ ਕਰਾਸ-ਐਗਜ਼ਾਮੀਨੇਸ਼ਨ ਦੀ ਪਹਿਲਾਂ ਹੀ ਰਿਕਾਰਡਿੰਗ ਕਰਨਾ ਇਹ ਤੁਹਾਨੂੰ ਆਪਣੀ ਗਵਾਹੀ ਪੂਰੀ ਕਰਨ ਦੀ ਇਜਾਜ਼ਤ ਦਿੰਦਾ ਹੈ ਅਤੇ ਤੁਹਾਨੂੰ ਮੁਕੱਦਮੇ ਦੀ ਤਰੀਕ ਤੱਕ ਉਡੀਕ ਨਹੀਂ ਕਰਨੀ ਪਵੇਗੀ। ਇਹ ਆਮ ਤੌਰ 'ਤੇ ਅਦਾਲਤ ਵਿੱਚ ਹੀ ਹੁੰਦਾ ਹੈ ਅਤੇ ਪ੍ਰਤਿਵਾਦੀ ਨੂੰ ਇਹ ਸੁਣਨ ਦੀ ਇਜਾਜ਼ਤ ਹੁੰਦੀ ਹੈ।

ਤੁਹਾਡਾ Independent Sexual Violence Advisor (ISVA) ਮੁਕੱਦਮੇ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਸਹਾਇਤਾ ਅਤੇ ਵਕਾਲਤ ਪ੍ਰਦਾਨ ਕਰਨ ਦੇ ਯੋਗ ਹੋਵੇਗਾ। ਮੁਕੱਦਮੇ ਤੋਂ ਪਹਿਲਾਂ, ਤੁਹਾਨੂੰ pre-court visit ਦੀ ਪੇਸ਼ਕਸ਼ ਕੀਤੀ ਜਾਵੇਗੀ। ਇਹ ਆਮ ਤੌਰ 'ਤੇ ਅਦਾਲਤ ਦੇ ਆਮ ਘੰਟਿਆਂ ਤੋਂ ਬਾਹਰ ਰੱਖਿਆ ਜਾਂਦਾ ਹੈ ਅਤੇ ਤੁਹਾਡਾ ISVA ਤੁਹਾਡੇ ਨਾਲ ਸ਼ਾਮਲ ਹੋ ਸਕਦਾ ਹੈ। ਇਹ ਤੁਹਾਨੂੰ ਅਦਾਲਤ ਦੇ ਕਮਰੇ ਨੂੰ ਦੇਖਣ ਅਤੇ ਅਦਾਲਤ ਦੇ ਮਾਹੌਲ ਨੂੰ ਸਮਝਣ ਦਾ ਮੌਕਾ ਦਿੰਦਾ ਹੈ। ਤੁਸੀਂ ਆਪਣੀ ਵੀਡੀਓ ਰਿਕਾਰਡ ਕੀਤੀ ਇੰਟਰਵਿਊ ਨੂੰ ਵਾਪਸ ਦੇਖ ਸਕਦੇ ਹੋ ਜਾਂ ਆਪਣੇ ਬਿਆਨ ਨੂੰ ਦੁਬਾਰਾ ਪੜ੍ਹ ਸਕਦੇ ਹੋ।

ISVA, Police ਅਤੇ Crown Prosecution Service ਤੁਹਾਡੇ ਨਾਲ ਉਨ੍ਹਾਂ ਵਿਸ਼ੇਸ਼ ਉਪਾਵਾਂ ਬਾਰੇ ਗੱਲ ਕਰਨਗੇ ਜੋ ਤੁਸੀਂ ਗਵਾਹੀ ਦੇਣ ਵੇਲੇ ਆਪਣੀ ਸਹਾਇਤਾ ਲਈ ਚਾਹੁੰਦੇ ਹੋ, ਅਤੇ ਉਹ ਇਨ੍ਹਾਂ ਲਈ ਅਦਾਲਤ ਵਿੱਚ ਅਰਜ਼ੀ ਦੇ ਸਕਦੇ ਹਨ।

## ਅਦਾਲਤ ਪਹੁੰਚਣਾ

**Witness care team** ਤੁਹਾਡੇ ਲਈ ਅਦਾਲਤ ਵਿੱਚ ਇੱਕ ਨਿੱਜੀ ਪ੍ਰਵੇਸ਼ ਦੁਆਰ ਰਾਹੀਂ ਦਾਖਲ ਹੋਣ ਦਾ ਪ੍ਰਬੰਧ ਕਰੇਗੀ, ਤਾਂ ਜੋ ਤੁਸੀਂ ਪ੍ਰਤਿਵਾਦੀ ਦੇ ਸੰਪਰਕ ਵਿੱਚ ਨਾ ਆਓ। ਉਹ ਕਿਸੇ ਅਜਿਹੀ ਜਗ੍ਹਾ ਦਾ ਪ੍ਰਬੰਧ ਵੀ ਕਰਨਗੇ ਜਿੱਥੇ ਤੁਸੀਂ ਆਪਣੀ ਸਹਾਇਤਾ ਕਰਨ ਵਾਲੇ ਕਿਸੇ ਵੀ ਵਿਅਕਤੀ, ਜਿਵੇਂ ਕਿ ਤੁਹਾਡੇ ISVA, ਪਰਿਵਾਰਕ ਮੈਂਬਰ ਜਾਂ ਦੋਸਤ ਦੇ ਨਾਲ ਉਡੀਕ ਕਰ ਸਕੋ।

**ਪ੍ਰੌਸੀਕਿਊਸ਼ਨ ਵਕੀਲ** ਆ ਕੇ ਤੁਹਾਨੂੰ ਮਿਲੇਗਾ। ਉਹ ਮੁਕੱਦਮੇ ਦੀ ਪ੍ਰਕਿਰਿਆ ਬਾਰੇ ਸਮਝਾਉਣਗੇ ਅਤੇ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣਗੇ ਕਿ ਅਦਾਲਤ ਵਿੱਚ ਤੁਹਾਨੂੰ ਕੀ ਕਰਨ ਲਈ ਕਿਹਾ ਜਾਵੇਗਾ। ਉਹ ਤੁਹਾਨੂੰ ਇਹ ਦੱਸਣਗੇ ਕਿ ਪ੍ਰਤਿਵਾਦੀ ਕਿਸ ਤਰੀਕੇ ਨਾਲ ਦੋਸ਼ਾਂ ਦਾ ਵਿਰੋਧ ਕਰ ਰਿਹਾ ਹੈ; ਉਦਾਹਰਨ ਲਈ, ਉਹ ਇਸ ਗੱਲ ਤੋਂ ਇਨਕਾਰ ਕਰ ਸਕਦੇ ਹਨ ਕਿ ਉਹਨਾਂ ਨੇ ਕਦੇ ਤੁਹਾਡੇ ਨਾਲ ਜਿਨਸੀ ਸਬੰਧ ਬਣਾਏ ਸਨ। ਵਕੀਲ ਤੁਹਾਡੇ ਨਾਲ ਸਬੂਤਾਂ ਬਾਰੇ ਚਰਚਾ ਨਹੀਂ ਕਰ ਸਕਦਾ, ਕਿਉਂਕਿ ਇਹ ਮੁਕੱਦਮੇ ਦੀ ਨਿਰਪੱਖਤਾ 'ਤੇ ਅਸਰ ਪਾ ਸਕਦਾ ਹੈ।

ਅਦਾਲਤਾਂ ਤੁਹਾਡੀ ਉਡੀਕ ਨੂੰ ਜਿੰਨਾ ਹੋ ਸਕੇ ਘੱਟ ਕਰਨ ਦੀ ਕੋਸ਼ਿਸ਼ ਕਰਨਗੀਆਂ, ਕਿਉਂਕਿ ਉਹ ਕੇਸ ਦੀ ਸੰਵੇਦਨਸ਼ੀਲਤਾ ਨੂੰ ਸਮਝਦੀਆਂ ਹਨ, ਪਰ ਥੋੜ੍ਹੀ ਦੇਰੀ ਹੋਣਾ ਆਮ ਗੱਲ ਹੈ। ਜੇਕਰ ਕੋਈ ਵੱਡੀ ਦੇਰੀ ਹੋਣ ਵਾਲੀ ਹੈ, ਤਾਂ ਤੁਹਾਨੂੰ Senior Crown Prosecutor (ਵਕੀਲ), ਜਾਂ ਉਹਨਾਂ ਦੀ ਤਰਫੋਂ ਕੰਮ ਕਰਨ ਵਾਲੇ ਕਿਸੇ ਹੋਰ ਵਿਅਕਤੀ ਦੁਆਰਾ ਇਸ ਬਾਰੇ ਅਪਡੇਟ ਦਿੱਤੀ ਜਾਵੇਗੀ।

## ਮੁਕੱਦਮਾ

ਅਦਾਲਤ ਦੇ ਕਮਰੇ ਵਿੱਚ ਕਿਸੇ ਦੇ ਵੀ ਜਾਣ ਤੋਂ ਪਹਿਲਾਂ, **jury** ਦੀ ਚੋਣ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ 'ਸਹੁੰ ਚੁਕਾਈ' ਜਾਵੇਗੀ। ਅਦਾਲਤ ਵਿੱਚ ਇੱਕ **public gallery** ਹੋਵੇਗੀ। ਮੁਕੱਦਮਾ **opening speech** ਨਾਲ ਸ਼ੁਰੂ ਹੋਵੇਗਾ। ਆਮ ਤੌਰ 'ਤੇ ਤੁਸੀਂ ਗਵਾਹੀ ਦੇਣ ਵਾਲੇ ਪਹਿਲੇ ਵਿਅਕਤੀ ਹੋਵੋਗੇ। ਆਪਣੀ ਗਵਾਹੀ ਪੂਰੀ ਕਰਨ ਤੋਂ ਬਾਅਦ, ਤੁਹਾਡੇ ਕੋਲ ਬਾਕੀ ਮੁਕੱਦਮੇ ਲਈ ਅਦਾਲਤ ਵਿੱਚ ਬੈਠਣ ਦਾ ਵਿਕਲਪ ਹੁੰਦਾ ਹੈ।

**ਜੇਕਰ ਤੁਸੀਂ ਇੱਕ ਸਰਵਾਈਵਰ ਜਾਂ ਗਵਾਹ ਵਜੋਂ ਅਦਾਲਤ ਵਿੱਚ ਹਾਜ਼ਰ ਹੁੰਦੇ ਹੋ, ਤਾਂ ਮੀਡੀਆ ਲਈ ਤੁਹਾਡਾ ਨਾਮ ਵਰਤਣਾ ਜਾਂ ਅਜਿਹੀ ਕੋਈ ਵੀ ਜਾਣਕਾਰੀ ਦੇਣਾ ਕਾਨੂੰਨ ਦੇ ਵਿਰੁੱਧ ਹੈ ਜਿਸ ਨਾਲ ਇਹ ਸਪੱਸ਼ਟ ਹੋ ਸਕੇ ਕਿ ਤੁਸੀਂ ਕੌਣ ਹੋ।**

## ਗਵਾਹੀ ਦੇਣਾ

ਗਵਾਹੀ ਦੇਣ ਤੋਂ ਪਹਿਲਾਂ, ਤੁਹਾਨੂੰ ਕਿਸੇ ਪਵਿੱਤਰ ਕਿਤਾਬ ਦੀ ਸਹੁੰ ਚੁੱਕਣੀ ਪਵੇਗੀ ਜਾਂ ਇਹ 'ਪ੍ਰਣ' ਕਰਨਾ ਪਵੇਗਾ ਕਿ ਤੁਸੀਂ ਸੱਚ ਬੋਲੋਗੇ। ਇਹ ਹਰ ਅਦਾਲਤ ਵਿੱਚ ਅਤੇ ਹਰੇਕ ਕੇਸ ਵਿੱਚ ਹੁੰਦਾ ਹੈ।

ਜੇਕਰ ਤੁਸੀਂ ਵੀਡੀਓ ਬਿਆਨ ਦਿੱਤਾ ਹੈ, ਤਾਂ CPS ਇਸ ਨੂੰ ਤੁਹਾਡੀ ਗਵਾਹੀ ਵਜੋਂ ਪੇਸ਼ ਕਰ ਸਕਦਾ ਹੈ। ਜੇਕਰ ਤੁਸੀਂ ਲਿਖਤੀ ਬਿਆਨ ਦਿੱਤਾ ਹੈ, ਤਾਂ Senior Crown Prosecutor (ਵਕੀਲ) ਤੁਹਾਡੇ ਤੋਂ ਸਵਾਲ ਪੁੱਛੇਗਾ। ਇਹ ਤੁਹਾਨੂੰ ਕੀ ਵਾਪਰਿਆ ਸੀ ਉਸ ਬਾਰੇ ਦੱਸਣ ਵਿੱਚ ਮਦਦ ਕਰੇਗਾ, ਕਿਉਂਕਿ ਤੁਸੀਂ ਆਪਣੇ ਲਿਖਤੀ ਬਿਆਨ ਤੋਂ ਪੜ੍ਹ ਨਹੀਂ ਸਕਦੇ। ਭਾਵੇਂ ਵੀਡੀਓ ਚਲਾਈ ਜਾਵੇ ਜਾਂ ਤੁਸੀਂ ਵਕੀਲ ਦੇ ਸਵਾਲਾਂ ਦੇ ਜਵਾਬ ਦਿਓ, ਇਸ ਨੂੰ ਤੁਹਾਡੀ **Evidence in Chief** ਕਿਹਾ ਜਾਂਦਾ ਹੈ।

Senior Crown Prosecutor (ਵਕੀਲ) ਨੂੰ ਤੁਹਾਡੇ ਤੋਂ ਅਜਿਹੇ ਸਵਾਲ ਪੁੱਛਣ ਦੀ ਇਜਾਜ਼ਤ ਨਹੀਂ ਹੈ ਜੋ ਤੁਹਾਨੂੰ ਕਿਸੇ ਖਾਸ ਜਵਾਬ ਵੱਲ ਇਸ਼ਾਰਾ ਕਰਦੇ ਹੋਣ। ਜਵਾਬ ਦੇਣ ਲਈ ਜਲਦੀ ਨਾ ਕਰੋ। ਜੇਕਰ ਤੁਹਾਨੂੰ ਯਾਦ ਨਹੀਂ ਹੈ ਜਾਂ ਤੁਹਾਨੂੰ ਜਵਾਬ ਨਹੀਂ ਪਤਾ, ਤਾਂ ਉਹ ਹੀ ਕਹਿ ਦਿਓ। ਹਮੇਸ਼ਾਂ ਸੱਚ ਕਹਿਣਾ ਮਹੱਤਵਪੂਰਨ ਹੈ। ਜੇਕਰ ਤੁਹਾਨੂੰ ਲੱਗਦਾ ਹੈ ਕਿ ਜਵਾਬ ਤੁਹਾਡੇ ਬਿਆਨ ਵਿੱਚ ਹੈ, ਤਾਂ Senior Crown Prosecutor (ਵਕੀਲ) ਨੂੰ ਪੁੱਛੋ ਕਿ ਕੀ ਤੁਸੀਂ ਆਪਣੇ ਆਪ ਨੂੰ ਯਾਦ ਕਰਾਉਣ ਲਈ ਆਪਣੇ ਬਿਆਨ ਦਾ ਉਹ ਹਿੱਸਾ ਪੜ੍ਹ ਸਕਦੇ ਹੋ।

**ਬਚਾਅ ਪੱਖ ਦਾ ਵਕੀਲ** ਵੀ ਤੁਹਾਡੇ ਤੋਂ ਸਵਾਲ ਪੁੱਛੇਗਾ; ਇਸ ਨੂੰ cross-examination ਕਿਹਾ ਜਾਂਦਾ ਹੈ। ਉਹ ਤੁਹਾਨੂੰ ਝੂਠਾ ਜਾਂ ਅਵਿਸ਼ਵਾਸਯੋਗ ਦਿਖਾਉਣ ਦੀ ਕੋਸ਼ਿਸ਼ ਕਰਨ ਲਈ ਸਵਾਲ ਪੁੱਛ ਸਕਦੇ ਹਨ। ਉਨ੍ਹਾਂ ਨੂੰ ਅਜਿਹਾ ਕੋਈ ਵੀ ਸਵਾਲ ਪੁੱਛਣ ਦੀ ਇਜਾਜ਼ਤ ਨਹੀਂ ਹੈ ਜੋ ਤੁਹਾਡੀ ਬੇਇੱਜ਼ਤੀ ਕਰਨ, ਤੁਹਾਨੂੰ ਨੀਵਾਂ ਦਿਖਾਉਣ ਜਾਂ ਤੁਹਾਨੂੰ ਪਰੇਸ਼ਾਨ ਕਰਨ ਦੇ ਇਰਾਦੇ ਨਾਲ ਪੁੱਛਿਆ ਗਿਆ ਹੋਵੇ। Senior Crown Prosecutor (ਵਕੀਲ) ਜਾਂ CPS ਦੀ ਨੁਮਾਇੰਦਗੀ ਕਰਨ ਵਾਲਾ barrister ਵੀ ਦਖਲ ਦੇ ਸਕਦਾ ਹੈ ਜੇਕਰ ਉਹਨਾਂ ਨੂੰ ਲੱਗਦਾ ਹੈ ਕਿ ਸਵਾਲ ਗੈਰ-ਵਾਜਬ ਹਨ। ਜਿਵੇਂ ਕਿ ਕਿਸੇ ਵੀ ਸਵਾਲ ਦੇ ਨਾਲ ਹੁੰਦਾ ਹੈ, ਆਪਣਾ ਸਮਾਂ ਲਓ, ਅਤੇ ਜਵਾਬ ਦੇਣ ਲਈ ਕਿਸੇ ਵੀ ਤਰ੍ਹਾਂ ਦਾ ਦਬਾਅ ਜਾਂ ਜਲਦਬਾਜ਼ੀ ਮਹਿਸੂਸ ਨਾ ਕਰੋ।

## ਗਵਾਹ

ਤੁਹਾਡੇ ਵੱਲੋਂ ਗਵਾਹੀ ਦਿੱਤੇ ਜਾਣ ਤੋਂ ਬਾਅਦ, ਪ੍ਰੌਸੀਕਿਊਸ਼ਨ ਹੋਰ ਗਵਾਹਾਂ ਨੂੰ ਬੁਲਾਏਗਾ ਜਿਨ੍ਹਾਂ ਨੂੰ ਹਾਜ਼ਰ ਹੋਣ ਲਈ ਕਿਹਾ ਗਿਆ ਹੈ। ਇਸ ਵਿੱਚ ਉਹ ਲੋਕ ਸ਼ਾਮਲ ਹੋ ਸਕਦੇ ਹਨ ਜਿਨ੍ਹਾਂ ਨੂੰ ਤੁਸੀਂ ਜਿਨਸੀ ਅਪਰਾਧ ਬਾਰੇ ਦੱਸਿਆ ਸੀ ਜਾਂ ਕੋਈ ਅਜਿਹਾ ਵਿਅਕਤੀ ਜਿਸਨੇ ਵਾਪਰੀ ਘਟਨਾ ਨੂੰ ਦੇਖਿਆ ਸੀ।

## ਬਚਾਅ ਪੱਖ ਦੇ ਸਬੂਤ

ਇੱਕ ਵਾਰ Crown Prosecution Service ਦੁਆਰਾ ਆਪਣੇ ਸਾਰੇ ਸਬੂਤ ਪੇਸ਼ ਕਰ ਦੇਣ ਤੋਂ ਬਾਅਦ, ਦੋਸ਼ੀ ਆਪਣੀ ਗਵਾਹੀ ਦੇਵੇਗਾ ਜੇਕਰ ਉਹ ਚਾਹੁੰਦਾ ਹੈ; ਜੇਕਰ ਉਹ ਨਾ ਚਾਹੁਣ ਤਾਂ ਉਨ੍ਹਾਂ ਲਈ ਗਵਾਹੀ ਦੇਣਾ ਬਿਲਕੁਲ ਵੀ ਜ਼ਰੂਰੀ ਨਹੀਂ ਹੈ। ਉਹ ਫਿਰ ਬਚਾਅ ਪੱਖ ਲਈ ਕਿਸੇ ਵੀ ਗਵਾਹ ਨੂੰ ਬੁਲਾ ਸਕਦੇ ਹਨ।

## Closing Statements ਅਤੇ Summing Up

ਇੱਕ ਵਾਰ ਜਦੋਂ ਬਚਾਅ ਪੱਖ ਆਪਣੀ ਗਵਾਹੀ ਪੂਰੀ ਕਰ ਲੈਂਦਾ ਹੈ, ਤਾਂ Senior Crown Prosecutor ਅਤੇ ਬਚਾਅ ਪੱਖ ਦੇ ਵਕੀਲ ਦੋਵੇਂ ਆਪਣੇ **closing statements** ਦੇਣਗੇ।

ਫਿਰ **ਜੱਜ** ਜਿਊਰੀ ਲਈ ਕੇਸ ਦਾ ਸਾਰ ਪੇਸ਼ ਕਰਨਗੇ ਅਤੇ ਕਿਸੇ ਵੀ ਕਾਨੂੰਨੀ ਨੁਕਤੇ ਨੂੰ ਸਪੱਸ਼ਟ ਕਰਨਗੇ। ਅਕਸਰ ਉਹ ਜਿਊਰੀ ਨੂੰ **standard of proof** ਬਾਰੇ ਨਿਰਦੇਸ਼ ਦੇਣਗੇ। ਉਹ ਜਿਊਰੀ ਨੂੰ ਕੇਸ ਦੀ ਸੁਣਵਾਈ ਬਿਨਾਂ ਕਿਸੇ ਪੱਖਪਾਤ ਦੇ ਕਰਨ ਦੀ ਯਾਦ ਵੀ ਦਿਵਾਉਣਗੇ।

## ਫੈਸਲਾ

ਜਦੋਂ ਜਿਊਰੀ ਵਾਪਸ ਆਉਂਦੀ ਹੈ, ਤਾਂ ਉਹਨਾਂ ਦਾ ਫੈਸਲਾ ਹਰੇਕ ਉਸ ਅਪਰਾਧ ਲਈ 'ਦੋਸ਼ੀ' ਜਾਂ 'ਨਿਰਦੋਸ਼' ਹੋਵੇਗਾ ਜਿਸਦਾ ਦੋਸ਼ੀ 'ਤੇ ਇਲਜ਼ਾਮ ਲਗਾਇਆ ਗਿਆ ਸੀ। ਜੇਕਰ ਫੈਸਲਾ 'ਨਿਰਦੋਸ਼' ਆਉਂਦਾ ਹੈ, ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਜਿਊਰੀ ਨੇ ਤੁਹਾਡੇ 'ਤੇ ਵਿਸ਼ਵਾਸ ਨਹੀਂ ਕੀਤਾ। ਇਸਦਾ ਮਤਲਬ ਹੈ ਕਿ ਪ੍ਰੋਸੀਕਿਊਸ਼ਨ ਇਹ ਸਾਬਤ ਨਹੀਂ ਕਰ ਸਕਿਆ (ਵਾਜਬ ਸ਼ੱਕ ਤੋਂ ਪਰੇ) ਕਿ ਪ੍ਰਤਿਵਾਦੀ ਕਸੂਰਵਾਰ ਸੀ। ਫੈਸਲਾ ਚਾਹੇ ਕੁਝ ਵੀ ਹੋਵੇ, ਤੁਹਾਡਾ ਗੁਮਨਾਮ (anonymity) ਰਹਿਣ ਦਾ ਹੱਕ ਬਰਕਰਾਰ ਰਹੇਗਾ।

# ਸਜ਼ਾ ਦੇਣਾ

ਜੇਕਰ ਫੈਸਲਾ 'ਦੋਸ਼ੀ' ਆਉਂਦਾ ਹੈ, ਤਾਂ ਜੱਜ ਦੋਸ਼ੀ ਨੂੰ ਸਜ਼ਾ ਸੁਣਾਏਗਾ। ਸਜ਼ਾ ਕਈ ਵਾਰ ਉਸੇ ਦਿਨ ਸੁਣਾਈ ਜਾਂਦੀ ਹੈ ਅਤੇ ਕਈ ਵਾਰ ਕਿਸੇ ਬਾਅਦ ਦੀ ਤਰੀਕ 'ਤੇ ਸੁਣਾਈ ਜਾਂਦੀ ਹੈ। ਤੁਹਾਡਾ witness care officer ਜਾਂ ISVA ਤੁਹਾਨੂੰ ਦੱਸੇਗਾ ਕਿ ਇਹ ਕਦੋਂ ਹੋਵੇਗੀ, ਅਤੇ ਸਜ਼ਾ ਸੁਣਾਉਣ ਦੀ ਤਰੀਕ 'ਤੇ ਤੁਸੀਂ ਅਦਾਲਤ ਵਿੱਚ ਹਾਜ਼ਰ ਹੋ ਸਕਦੇ ਹੋ।

ਜੇਕਰ ਅਦਾਲਤ ਸਜ਼ਾ ਸੁਣਾਉਂਦੀ ਹੈ, ਤਾਂ ਤੁਹਾਡੇ ਕੋਲ ਇੱਕ ਬਿਆਨ ਪੇਸ਼ ਕਰਨ ਦਾ ਵਿਕਲਪ ਵੀ ਹੋਵੇਗਾ ਜਿਸ ਵਿੱਚ ਅਦਾਲਤ ਨੂੰ ਦੱਸਿਆ ਜਾਵੇਗਾ ਕਿ ਇਸ ਜਿਨਸੀ ਅਪਰਾਧ ਦਾ ਤੁਹਾਡੇ ਜੀਵਨ 'ਤੇ ਕੀ ਪ੍ਰਭਾਵ ਪਿਆ ਹੈ। ਕੁਝ ਲੋਕਾਂ ਲਈ, ਇਹ ਕੇਸ ਦੇ ਅੰਤ (closure) ਦਾ ਅਹਿਸਾਸ ਪ੍ਰਦਾਨ ਕਰ ਸਕਦਾ ਹੈ ਕਿਉਂਕਿ ਇਹ ਤੁਹਾਨੂੰ ਦੋਸ਼ੀ ਨੂੰ ਸਿੱਧਾ ਸੰਦੇਸ਼ ਦੇਣ ਦੀ ਇਜਾਜ਼ਤ ਦਿੰਦਾ ਹੈ। ਤੁਸੀਂ ਜਾਂ ਇਸਨੂੰ ਖੁਦ ਪੜ੍ਹ ਸਕਦੇ ਹੋ ਜਾਂ ਕੋਈ ਹੋਰ ਤੁਹਾਡੀ ਤਰਫੋਂ ਇਸਨੂੰ ਪੜ੍ਹ ਸਕਦਾ ਹੈ, ਜਿਵੇਂ ਕਿ Senior Crown Prosecutor (ਵਕੀਲ)।

ਜੇਕਰ ਸਜ਼ਾ 12 ਮਹੀਨਿਆਂ ਤੋਂ ਵੱਧ ਹੈ, ਤਾਂ ਤੁਸੀਂ ਸਜ਼ਾ ਦੌਰਾਨ ਹੋਰ ਜਾਣਕਾਰੀ ਅਤੇ ਅੱਪਡੇਟ ਪ੍ਰਾਪਤ ਕਰਨ ਲਈ **Victim Contact Scheme** ਵਿੱਚ ਸ਼ਾਮਲ ਹੋ ਸਕਦੇ ਹੋ।

## ਸਜ਼ਾ ਕੀ ਹੋਵੇਗੀ?

ਸਜ਼ਾਵਾਂ ਹਾਲਾਤਾਂ ਦੇ ਆਧਾਰ 'ਤੇ ਵੱਖ-ਵੱਖ ਹੋ ਸਕਦੀਆਂ ਹਨ; ਕੋਈ ਵੀ ਤੁਹਾਨੂੰ ਐਨ ਸਹੀ ਸਜ਼ਾ ਨਹੀਂ ਦੱਸ ਸਕਦਾ ਜੋ ਦੋਸ਼ੀ ਨੂੰ ਮਿਲੇਗੀ ਕਿਉਂਕਿ ਇਹ ਅਦਾਲਤ ਦਾ ਮਾਮਲਾ ਹੈ, ਪਰ Senior Crown Prosecutor (ਵਕੀਲ) ਉਪਲਬਧ ਸਜ਼ਾਵਾਂ ਦੇ ਦਾਇਰੇ ਬਾਰੇ ਸਮਝਾ ਸਕਦਾ ਹੈ।

## ਜੇਕਰ ਪ੍ਰਤਿਵਾਦੀ ਨਿਰਦੋਸ਼ ਪਾਇਆ ਜਾਂਦਾ ਹੈ, ਤਾਂ ਕੀ ਉਸ 'ਤੇ ਦੁਬਾਰਾ ਮੁਕੱਦਮਾ ਚਲਾਇਆ ਜਾ ਸਕਦਾ ਹੈ?

ਸਿਰਫ਼ ਬਹੁਤ ਹੀ ਖਾਸ ਹਾਲਾਤਾਂ ਵਿੱਚ, ਜਦੋਂ ਕੋਈ ਨਵਾਂ ਅਤੇ ਠੋਸ ਸਬੂਤ ਸਾਹਮਣੇ ਆਉਂਦਾ ਹੈ। ਆਮ ਤੌਰ 'ਤੇ, ਜੇਕਰ ਦੋਸ਼ੀ ਨਿਰਦੋਸ਼ ਪਾਇਆ ਗਿਆ ਹੈ, ਤਾਂ ਉਹ ਉਸੇ ਅਪਰਾਧ ਲਈ ਦੁਬਾਰਾ ਮੁਕੱਦਮੇ ਦਾ ਸਾਹਮਣਾ ਨਹੀਂ ਕਰ ਸਕਦਾ।

## ਇਸ ਸਭ ਨੂੰ ਕਿੰਨਾ ਸਮਾਂ ਲੱਗੇਗਾ?

ਇਹ ਬਿਲਕੁਲ ਸਹੀ ਕਹਿਣਾ ਸੰਭਵ ਨਹੀਂ ਹੈ ਕਿ ਪੂਰੇ ਕੇਸ ਨੂੰ ਖਤਮ ਹੋਣ ਵਿੱਚ ਕਿੰਨਾ ਸਮਾਂ ਲੱਗੇਗਾ, ਪਰ Police ਅਤੇ ਤੁਹਾਡਾ ISVA ਤੁਹਾਨੂੰ ਅੱਪਡੇਟ ਕਰਦੇ ਰਹਿਣਗੇ ਅਤੇ ਇਸ ਪ੍ਰਕਿਰਿਆ ਵਿੱਚ ਤੁਹਾਡਾ ਮਾਰਗਦਰਸ਼ਨ ਕਰਨਗੇ।

# ਸੰਪਰਕ

ਉਨ੍ਹਾਂ ਸੰਸਥਾਵਾਂ ਦੀ ਯਾਦ ਦਿਵਾਉਂਦੇ ਹੋਏ
ਜੋ ਇਸ ਸਫ਼ਰ ਦੌਂਰਾਨ ਤੁਹਾਡਾ ਸਾਥ ਦੇ ਸਕਦੀਆਂ ਹਨ

## ਡਰਬੀਸ਼ਾਇਰ ਵਿੱਚ ਜਿਨਸੀ ਹਿੰਸਾ ਲਈ ਵਿਸ਼ੇਸ਼ ਸਹਾਇਤਾ ਸੰਸਥਾਵਾਂ ਹਨ, ਜੋ ਉਨ੍ਹਾਂ ਲੋਕਾਂ ਦੀ ਸਹਾਇਤਾ ਕਰਦੀਆਂ ਹਨ ਜਿਨ੍ਹਾਂ ਨੇ ਜਿਨਸੀ ਹਿੰਸਾ ਦਾ ਸਾਹਮਣਾ ਕੀਤਾ ਹੈ ਅਤੇ ਉਹਨਾਂ ਵਿੱਚੋਂ ਕਿਸੇ ਇੱਕ ਨਾਲ ਸੰਪਰਕ ਕਰਨਾ ਤੁਹਾਡੇ ਲਈ ਫਾਇਦੇਮੰਦ ਹੋ ਸਕਦਾ ਹੈ।

## ਕੁਝ ਲੋਕ ਪੁਲਿਸ ਨੂੰ ਅਪਰਾਧ ਦੀ ਰਿਪੋਰਟ ਨਾ ਕਰਨ ਦੀ ਚੋਣ ਕਰਦੇ ਹਨ ਅਤੇ ਇਹ ਪੂਰੀ ਤਰ੍ਹਾਂ ਤੁਹਾਡੀ ਆਪਣੀ ਪਸੰਦ ਹੈ।

> ਜੇ ਤੁਸੀਂ ਰਿਪੋਰਟ ਨਾ ਕਰਨ ਦਾ ਫੈਸਲਾ ਕਰਦੇ ਹੋ, ਤਾਂ ਵੀ ਤੁਸੀਂ ਜਿਨਸੀ ਹਿੰਸਾ ਦੇ ਸਰਵਾਈਵਰਾਂ ਲਈ ਬਣੀਆਂ ਸੇਵਾਵਾਂ ਤੋਂ ਸਲਾਹ ਅਤੇ ਸਹਾਇਤਾ ਪ੍ਰਾਪਤ ਕਰ ਸਕਦੇ ਹੋ

### Millfield House -
### Sexual Assault Referral Centre (SARC)

ਟੈਲੀਫ਼ੋਨ ਨੰਬਰ 24 ਘੰਟੇ ਖੁੱਲ੍ਹੀ ਰਹਿੰਦੀ ਹੈ, ਸਾਲ ਦੇ ਹਰੇਕ ਦਿਨ: **0330 223 0099.**

Millfield House ਵਿਖੇ ਹਾਜ਼ਰੀ ਸਿਰਫ਼ ਅਪੋਇੰਟਮੈਂਟ ਦੁਆਰਾ ਹੀ ਸੰਭਵ ਹੈ।

www.millfieldhousesarc.co.uk

derbyshire.sarc@nhs.net

SARC ਇੱਕ ਐਮਰਜੈਂਸੀ ਸੇਵਾ ਨਹੀਂ ਹੈ।

ਜੇਕਰ ਤੁਸੀਂ ਖਤਰੇ ਵਿੱਚ ਹੋ ਜਾਂ ਤੁਹਾਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੈ, ਜਿਸ ਵਿੱਚ ਮਾਨਸਿਕ ਸਿਹਤ ਸੰਕਟ ਸ਼ਾਮਲ ਹੈ ਜਾਂ ਜੇਕਰ ਤੁਸੀਂ ਖੁਦਕੁਸ਼ੀ ਕਰਨ ਬਾਰੇ ਸੋਚ ਰਹੇ ਹੋ, ਤਾਂ ਕਿਰਪਾ ਕਰਕੇ 999 'ਤੇ ਕਾਲ ਕਰੋ।

ਤੁਰੰਤ ਡਾਕਟਰੀ ਜਾਂ ਮਾਨਸਿਕ ਸਿਹਤ ਸਲਾਹ ਲਈ, ਕਿਰਪਾ ਕਰਕੇ 111 ਕਾਲ ਕਰੋ।

### SV2 (ਜਿਨਸੀ ਹਿੰਸਾ ਦੇ ਪੀੜਤਾਂ ਦੀ ਸਹਾਇਤਾ ਕਰਨਾ)

ਕਾਲ ਕਰੋ **01773 746115** ਜਾਂ ਈਮੇਲ ਕਰੋ **help@sv2.org.uk** ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ – ਸ਼ਾਮ 5 ਵਜੇ

www.sv2.org.uk

### Sexual Abuse and Incest Line (SAIL)

ਹੈਲਪਲਾਈਨ: **0800 028 2678** ਸੋਮਵਾਰ ਤੋਂ ਸ਼ੁੱਕਰਵਾਰ ਤੱਕ ਉਪਲਬਧ ਹੈ – ਕਿਰਪਾ ਕਰਕੇ ਖੁੱਲ੍ਹਣ ਦੇ ਘੰਟਿਆਂ ਲਈ ਵੈੱਬਸਾਈਟ ਦੇਖੋ

ਸਿਰਫ਼ ਟੈਕਸਟ: **07522 561 397**

ਈਮੇਲ: **helpline@sailderbyshire.org.uk**

www.sailderbyshire.org.uk

### Derbyshire Police

ਐਮਰਜੈਂਸੀ ਨੰਬਰ: **999**

ਗੈਰ-ਐਮਰਜੈਂਸੀ ਨੰਬਰ: **101**

www.derbyshire.police.uk

# ਪਰਿਭਾਸ਼ਾਵਾਂ ਅਤੇ ਵਿਆਖਿਆਵਾਂ

ਇਸ ਕਿਤਾਬਚੇ ਵਿੱਚ

## Charge (ਦੋਸ਼):
ਇੱਕ ਅਪਰਾਧਿਕ ਚਾਰਜ ਸਰਕਾਰੀ ਅਥਾਰਟੀ (ਆਮ ਤੌਰ 'ਤੇ ਸਰਕਾਰੀ ਵਕੀਲ ਜਾਂ ਪੁਲਿਸ) ਦੁਆਰਾ ਲਗਾਇਆ ਗਿਆ ਇੱਕ ਰਸਮੀ ਦੋਸ਼ ਹੁੰਦਾ ਹੈ, ਜੋ ਇਹ ਦਾਅਵਾ ਕਰਦਾ ਹੈ ਕਿ ਕਿਸੇ ਵਿਅਕਤੀ ਨੇ ਕੋਈ ਅਪਰਾਧ ਕੀਤਾ ਹੈ। ਜਦੋਂ ਕਿਸੇ ਵਿਅਕਤੀ 'ਤੇ ਚਾਰਜ ਲਗਾਇਆ ਜਾਂਦਾ ਹੈ, ਤਾਂ ਇਸਦਾ ਮਤਲਬ ਹੈ ਕਿ Crown Prosecution Service (CPS) ਨੂੰ ਲੱਗਦਾ ਹੈ ਕਿ ਉਸ ਵਿਅਕਤੀ ਦੇ ਅਪਰਾਧ ਲਈ ਦੋਸ਼ੀ ਠਹਿਰਾਏ ਜਾਣ (ਜਾਂ ਗੁਨਾਹਗਾਰ ਪਾਏ ਜਾਣ) ਦੀ ਅਸਲ ਸੰਭਾਵਨਾ ਹੈ ਅਤੇ ਉਹ ਮੰਨਦੇ ਹਨ ਕਿ ਮੁਕੱਦਮਾ ਚਲਾਉਣਾ ਜਨਤਕ ਹਿੱਤ ਵਿੱਚ ਹੈ।

## Closing Statements
ਇੱਕ Closing Statement (ਦਲੀਲ/ਜਾਂ ਸਾਰਾਂਸ਼) ਪ੍ਰੋਸੀਕਿਊਸ਼ਨ ਅਤੇ ਬਚਾਅ ਪੱਖ ਦੇ ਵਕੀਲਾਂ ਦੋਵਾਂ ਵੱਲੋਂ ਦਿੱਤਾ ਜਾਣ ਵਾਲਾ ਅੰਤਿਮ ਬਿਆਨ ਹੁੰਦਾ ਹੈ। ਇਹ ਕੇਸ ਦੇ ਸਾਰੇ ਸਬੂਤ ਪੇਸ਼ ਕੀਤੇ ਜਾਣ ਤੋਂ ਬਾਅਦ ਹੁੰਦਾ ਹੈ। ਵਕੀਲ ਅਦਾਲਤੀ ਕੇਸ ਵਿੱਚ ਮਹੱਤਵਪੂਰਨ ਦਲੀਲਾਂ/ਤੱਥਾਂ ਅਤੇ ਸਬੂਤਾਂ ਨੂੰ ਦੁਹਰਾ ਸਕਦੇ ਹਨ। ਇੱਕ Closing Statement ਵਿੱਚ ਕੋਈ ਵੀ ਨਵੀਂ ਜਾਣਕਾਰੀ ਸ਼ਾਮਲ ਨਹੀਂ ਹੋ ਸਕਦੀ ਅਤੇ ਇਹ ਜਿਊਰੀ ਨੂੰ ਆਪਣੇ ਪੱਖ ਵਿੱਚ ਫੈਸਲਾ ਸੁਣਾਉਣ (ਜਿਵੇਂ ਕਿ ਦੋਸ਼ੀ ਜਾਂ ਨਿਰਦੋਸ਼) ਲਈ ਪ੍ਰੇਰਿਤ ਕਰੇਗਾ।

## Crisis Worker
ਇੱਕ crisis worker ਇਹ ਯਕੀਨੀ ਬਣਾਏਗਾ ਕਿ ਜਿਨਸੀ ਹਿੰਸਾ ਦੇ ਪੀੜਤਾਂ ਲਈ ਜਦੋਂ ਵੀ SARC ਵਿਖੇ ਲੋੜ ਹੋਵੇ, ਉਚਿਤ ਸਹਾਇਤਾ ਉਪਲਬਧ ਹੋਵੇ। ਇਸ ਵਿੱਚ Police ਜਾਂਚ ਸ਼ਾਮਲ ਹੋ ਸਕਦੀ ਹੈ ਜਾਂ ਨਹੀਂ ਵੀ ਹੋ ਸਕਦੀ, ਪਰ ਆਮ ਤੌਰ 'ਤੇ ਇਸ ਲਈ ਤੁਰੰਤ ਭਾਵਨਾਤਮਕ ਅਤੇ ਵਿਹਾਰਕ ਮਦਦ ਦੀ ਲੋੜ ਹੁੰਦੀ ਹੈ। ਹਾਲਾਤਾਂ 'ਤੇ ਨਿਰਭਰ ਕਰਦਿਆਂ, ਇਸ ਵਿੱਚ ਗੈਰ-ਨਿੱਜੀ ਸਬੂਤ (non-intimate evidence) ਇਕੱਠੇ ਕਰਨ ਵਿੱਚ ਸਹਾਇਤਾ ਕਰਨਾ ਅਤੇ, ਲੋੜ ਪੈਣ 'ਤੇ, ਫੋਰੈਂਸਿਕ ਜਾਂਚ ਦੌਰਾਨ ਪੀੜਤ ਦਾ ਸਾਥ ਦੇਣਾ ਸ਼ਾਮਲ ਹੋ ਸਕਦਾ ਹੈ। SARC Crisis Worker ਦੀ ਭੂਮਿਕਾ ਵਿੱਚ ਇੱਕ ਇਲਾਜਾਤਮਕ ਅਤੇ ਵਕਾਲਤ ਵਾਲਾ ਦ੍ਰਿਸ਼ਟੀਕੋਣ ਸ਼ਾਮਲ ਹੋਵੇਗਾ।

## Crown Court
Crown court ਵਧੇਰੇ ਗੰਭੀਰ ਅਪਰਾਧਾਂ, ਜਿਵੇਂ ਕਿ ਕਤਲ, ਬਲਾਤਕਾਰ ਅਤੇ ਲੁੱਟ-ਖੋਹ ਨਾਲ ਨਜਿੱਠਦੀ ਹੈ। Crown Court ਕਈ ਗਤੀਵਿਧੀਆਂ ਕਰਦੀ ਹੈ:

- ਮੈਜਿਸਟਰੇਟਾਂ ਦੇ ਫੈਸਲਿਆਂ ਵਿਰੁੱਧ ਅਪੀਲਾਂ
- ਮੈਜਿਸਟਰੇਟ ਅਦਾਲਤਾਂ ਵੱਲੋਂ ਭੇਜੇ ਗਏ ਮੁਲਜ਼ਮਾਂ ਨੂੰ ਸਜ਼ਾ ਸੁਣਾਉਣਾ
- Jury trials
- Crown Court ਵਿੱਚ ਦੋਸ਼ੀ ਪਾਏ ਜਾਣ ਵਾਲੇ ਵਿਅਕਤੀਆਂ ਨੂੰ ਸਜ਼ਾ ਸੁਣਾਉਣਾ, ਭਾਵੇਂ ਉਹ ਮੁਕੱਦਮੇ ਤੋਂ ਬਾਅਦ ਹੋਵੇ ਜਾਂ ਗੁਨਾਹ ਕਬੂਲ ਕਰਨ 'ਤੇ।

Crown Court ਦੇ ਜੱਜ ਸਿਖਲਾਈ ਪ੍ਰਾਪਤ ਕਾਨੂੰਨੀ ਪੇਸ਼ੇਵਰ ਹੁੰਦੇ ਹਨ ਅਤੇ Crown Court ਦੇ ਕੇਸਾਂ ਵਿੱਚ ਆਮ ਤੌਰ 'ਤੇ ਇੱਕ ਜਿਊਰੀ ਹੁੰਦੀ ਹੈ ਜੋ ਇਹ ਫੈਸਲਾ ਕਰਦੀ ਹੈ ਕਿ ਮੁਲਜ਼ਮ ਦੋਸ਼ੀ ਹੈ ਜਾਂ ਨਹੀਂ।

## Crown Prosecution Service (CPS)
ਇੱਕ Crown Prosecution Service ਉਨ੍ਹਾਂ ਅਪਰਾਧਿਕ ਕੇਸਾਂ ਵਿੱਚ ਮੁਕੱਦਮਾ ਚਲਾਉਂਦੀ ਹੈ ਜਿਨ੍ਹਾਂ ਦੀ ਜਾਂਚ ਪੁਲਿਸ ਅਤੇ ਹੋਰ ਜਾਂਚ ਸੰਸਥਾਵਾਂ ਦੁਆਰਾ ਕੀਤੀ ਗਈ ਹੁੰਦੀ ਹੈ। CPS ਸੁਤੰਤਰ ਹੈ, ਅਤੇ ਉਹ Police ਅਤੇ ਸਰਕਾਰ ਤੋਂ ਸੁਤੰਤਰ ਹੋ ਕੇ ਆਪਣੇ ਫੈਸਲੇ ਲੈਂਦੇ ਹਨ।

ਉਨ੍ਹਾਂ ਦਾ ਫਰਜ਼ ਇਹ ਯਕੀਨੀ ਬਣਾਉਣਾ ਹੈ ਕਿ ਸਹੀ ਵਿਅਕਤੀ 'ਤੇ ਸਹੀ ਅਪਰਾਧ ਲਈ ਮੁਕੱਦਮਾ ਚਲਾਇਆ ਜਾਵੇ, ਅਤੇ ਜਿੱਥੇ ਵੀ ਸੰਭਵ ਹੋਵੇ, ਅਪਰਾਧੀਆਂ ਨੂੰ ਇਨਸਾਫ਼ ਦੇ ਕਟਹਿਰੇ ਵਿੱਚ ਲਿਆਂਦਾ ਜਾਵੇ।

Crown Prosecution Service (CPS):

- ਇਹ ਫੈਸਲਾ ਕਰਨਾ ਕਿ ਕਿਹੜੇ ਕੇਸਾਂ ਵਿੱਚ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ;
- ਗੰਭੀਰ ਜਾਂ ਗੁੰਝਲਦਾਰ ਮਾਮਲਿਆਂ ਵਿੱਚ ਉਚਿਤ ਦੋਸ਼ਾਂ ਨੂੰ ਨਿਰਧਾਰਤ ਕਰਨਾ, ਅਤੇ ਜਾਂਚ ਦੇ ਸ਼ੁਰੂਆਤੀ ਪੜਾਵਾਂ ਦੌਰਾਨ ਪੁਲਿਸ ਨੂੰ ਸਲਾਹ ਦੇਣਾ;
- ਕੇਸ ਤਿਆਰ ਕਰਨਾ ਅਤੇ ਉਹਨਾਂ ਨੂੰ ਅਦਾਲਤ ਵਿੱਚ ਪੇਸ਼ ਕਰਨਾ; ਅਤੇ
- ਪੀੜਤਾਂ ਅਤੇ ਇਸਤਗਾਸਾ ਦੇ ਗਵਾਹਾਂ ਨੂੰ ਜਾਣਕਾਰੀ, ਸਹਾਇਤਾ ਅਤੇ ਮਦਦ ਪ੍ਰਦਾਨ ਕਰਨਾ।

ਪ੍ਰੋਸੀਕਿਊਟਰਾਂ ਦਾ ਨਿਰਪੱਖ, ਨਿਰਪੱਖਤਾਵਾਦੀ ਅਤੇ ਸੁਤੰਤਰ ਹੋਣਾ ਲਾਜ਼ਮੀ ਹੈ। ਜਦੋਂ ਕਿਸੇ ਫ਼ੌਜਦਾਰੀ ਮਾਮਲੇ ਵਿੱਚ ਮੁਕੱਦਮਾ ਚਲਾਉਣ ਦਾ ਫੈਸਲਾ ਕਰਨਾ ਹੁੰਦਾ ਹੈ, ਤਾਂ ਉਹਨਾਂ ਦੇ ਵਕੀਲਾਂ ਲਈ Code for Crown Prosecutors ਦੀ ਪਾਲਣਾ ਕਰਨਾ ਲਾਜ਼ਮੀ ਹੈ। ਇਸਦਾ ਮਤਲਬ ਇਹ ਹੈ ਕਿ ਕਿਸੇ 'ਤੇ ਅਪਰਾਧਿਕ ਦੋਸ਼ ਲਗਾਉਣ ਲਈ, ਪ੍ਰੋਸੀਕਿਊਟਰਾਂ ਦਾ ਇਸ ਗੱਲ 'ਤੇ ਸੰਤੁਸ਼ਟ ਹੋਣਾ ਜ਼ਰੂਰੀ ਹੈ ਕਿ ਸਜ਼ਾ ਹੋਣ ਦੀ ਅਸਲ ਸੰਭਾਵਨਾ ਪ੍ਰਦਾਨ ਕਰਨ ਲਈ ਲੋੜੀਂਦੇ ਸਬੂਤ ਮੌਜੂਦ ਹਨ, ਅਤੇ ਮੁਕੱਦਮਾ ਚਲਾਉਣਾ ਜਨਤਕ ਹਿੱਤ ਵਿੱਚ ਹੈ। CPS ਇਨਸਾਫ਼ ਦਿਵਾਉਣ ਲਈ ਪੁਲਿਸ, ਅਦਾਲਤਾਂ, Judiciary ਅਤੇ ਹੋਰ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਦਾ ਹੈ।

## Defence Lawyer (ਬਚਾਅ ਪੱਖ ਦਾ ਵਕੀਲ)

ਇੱਕ defence lawyer ਉਹ ਵਕੀਲ ਹੁੰਦਾ ਹੈ (ਜ਼ਿਆਦਾਤਰ ਬੈਰਿਸਟਰ) ਜੋ ਅਪਰਾਧਿਕ ਗਤੀਵਿਧੀ ਦੇ ਦੋਸ਼ੀ ਵਿਅਕਤੀਆਂ ਅਤੇ ਕੰਪਨੀਆਂ ਦੇ ਬਚਾਅ ਵਿੱਚ ਮੁਹਾਰਤ ਰੱਖਦਾ ਹੈ। ਬਚਾਅ ਪੱਖ ਦੇ ਵਕੀਲ ਨੂੰ ਜਾਂ ਤਾਂ ਮੁਲਜ਼ਮ ਦੁਆਰਾ ਭੁਗਤਾਨ ਕੀਤਾ ਜਾਵੇਗਾ ਜਾਂ ਕਾਨੂੰਨੀ ਸਹਾਇਤਾ ਰਾਹੀਂ ਮੁਹੱਈਆ ਕਰਵਾਇਆ ਜਾਵੇਗਾ। ਉਹ ਮੁਲਜ਼ਮ ਨੂੰ ਕਾਨੂੰਨੀ ਮਾਮਲਿਆਂ 'ਤੇ ਸਲਾਹ ਦੇਣਗੇ ਅਤੇ ਅਦਾਲਤ ਵਿੱਚ ਉਨ੍ਹਾਂ ਦੀ ਨੁਮਾਇੰਦਗੀ ਕਰਨਗੇ।

## Defendant (ਪ੍ਰਤਿਵਾਦੀ)

ਇਹ ਉਹ ਵਿਅਕਤੀ ਹੈ ਜਿਸ 'ਤੇ ਤੁਹਾਡੇ ਨਾਲ ਕੁੱਟਮਾਰ ਜਾਂ ਹਮਲਾ ਕਰਨ ਦਾ ਦੋਸ਼ ਹੈ - ਤੁਸੀਂ ਉਨ੍ਹਾਂ ਨੂੰ 'ਸਸਪੈਕਟ', 'ਦੋਸ਼ੀ' ਜਾਂ 'ਅਪਰਾਧੀ' ਵਜੋਂ ਵੀ ਸੁਣ ਸਕਦੇ ਹੋ।

## Early Evidence Kit - EEK)

ਇੱਕ Early Evidence Kit ਉਹਨਾਂ ਵਸਤੂਆਂ ਦਾ ਇੱਕ ਪੈਕੇਜ ਹੈ ਜੋ ਡਾਕਟਰੀ ਕਰਮਚਾਰੀਆਂ ਦੁਆਰਾ ਜਿਨਸੀ ਹਮਲੇ ਦੇ ਦੋਸ਼ ਤੋਂ ਬਾਅਦ ਸਰੀਰਕ ਸਬੂਤ ਇਕੱਠੇ ਕਰਨ ਅਤੇ ਸੁਰੱਖਿਅਤ ਰੱਖਣ ਲਈ ਵਰਤੀਆਂ ਜਾਂਦੀਆਂ ਹਨ। ਸਰਵਾਈਵਰ ਤੋਂ ਇਕੱਠੇ ਕੀਤੇ ਗਏ ਸਬੂਤ ਅਪਰਾਧਿਕ ਜਿਨਸੀ ਹਿੰਸਾ ਦੀ ਜਾਂਚ ਅਤੇ ਸ਼ੱਕੀ ਹਮਲਾਵਰ ਦੇ ਵਿਰੁੱਧ ਮੁਕੱਦਮਾ ਚਲਾਉਣ ਵਿੱਚ ਸਹਾਇਤਾ ਕਰ ਸਕਦੇ ਹਨ। Police ਇੱਕ EEK ਦੀ ਵਰਤੋਂ ਕਰਨ ਦੇ ਯੋਗ ਹੈ, ਪਰ ਇਸ ਲਈ ਸਰਵਾਈਵਰ ਤੋਂ ਸਹਿਮਤੀ ਲੈਣੀ ਲਾਜ਼ਮੀ ਹੈ। EEK ਵਿੱਚ ਸਰਵਾਈਵਰ ਤੋਂ ਪਿਸ਼ਾਬ ਦਾ ਨਮੂਨਾ ਜਾਂ ਮੂੰਹ ਦੇ ਸਵੈਬ ਦੀ ਮੰਗ ਕਰਨਾ ਸ਼ਾਮਲ ਹੋ ਸਕਦਾ ਹੈ। ਇਹ ਦਖ਼ਲਅੰਦਾਜ਼ੀ ਵਾਲਾ ਨਹੀਂ ਹੈ ਅਤੇ ਇਸ ਨਾਲ ਕੋਈ ਦਰਦ ਨਹੀਂ ਹੋਵੇਗਾ।

## Evidence-in-chief

ਜਦੋਂ ਕਿਸੇ ਗਵਾਹ ਨੂੰ ਆਪਣੀ evidence-in-chief ਦੇਣ ਲਈ ਬੁਲਾਇਆ ਜਾਂਦਾ ਹੈ, ਤਾਂ ਉਹਨਾਂ ਨੂੰ ਉਹਨਾਂ ਦਾ ਨਾਮ ਪੁੱਛਿਆ ਜਾਵੇਗਾ ਅਤੇ ਇੱਕ ਸਹੁੰ ਚੁੱਕਣ ਜਾਂ ਪੁਸ਼ਟੀ ਕਰਨ ਦੀ ਲੋੜ ਹੋਵੇਗੀ ਕਿ ਉਹਨਾਂ ਦੀ ਗਵਾਹੀ ਸੱਚ ਹੋਵੇਗੀ। ਉਨ੍ਹਾਂ ਤੋਂ ਬਾਅਦ ਸਵਾਲਾਂ ਦੀ ਇੱਕ ਲੜੀ ਪੁੱਛੀ ਜਾਵੇਗੀ, ਜਿਨ੍ਹਾਂ ਦਾ ਜਵਾਬ ਉਨ੍ਹਾਂ ਨੂੰ ਆਪਣੀ ਪੂਰੀ ਸਮਰੱਥਾ ਅਨੁਸਾਰ ਦੇਣਾ ਚਾਹੀਦਾ ਹੈ।

## ਫੋਰੈਂਸਿਕ ਸਬੂਤ

ਫੋਰੈਂਸਿਕ ਸਬੂਤ ਉਹ ਸਬੂਤ ਹੁੰਦੇ ਹਨ ਜੋ ਵਿਗਿਆਨਕ ਤਰੀਕਿਆਂ ਜਿਵੇਂ ਕਿ ਸਵੈਬਿੰਗ, ਖੂਨ ਦੀ ਜਾਂਚ ਅਤੇ ਡੀ.ਐਨ.ਏ ਟੈਸਟ ਰਾਹੀਂ ਪ੍ਰਾਪਤ ਕੀਤੇ ਜਾਂਦੇ ਹਨ ਅਤੇ ਅਦਾਲਤ ਵਿੱਚ ਵਰਤੇ ਜਾ ਸਕਦੇ ਹਨ। ਫੋਰੈਂਸਿਕ ਸਬੂਤ ਅਕਸਰ ਸੰਭਾਵਿਤ ਅਪਰਾਧੀਆਂ ਦੇ ਦੋਸ਼ ਜਾਂ ਨਿਰਦੋਸ਼ਤਾ ਨੂੰ ਸਥਾਪਤ ਕਰਨ ਵਿੱਚ ਮਦਦ ਕਰਦੇ ਹਨ। ਫੋਰੈਂਸਿਕ ਸਬੂਤਾਂ ਦੀ ਵਰਤੋਂ ਉਹਨਾਂ ਅਪਰਾਧਾਂ ਨੂੰ ਆਪਸ ਵਿੱਚ ਜੋੜਨ ਲਈ ਕੀਤੀ ਜਾ ਸਕਦੀ ਹੈ ਜਿਨ੍ਹਾਂ ਦੇ ਇੱਕ ਦੂਜੇ ਨਾਲ ਸਬੰਧਤ ਹੋਣ ਦਾ ਸ਼ੱਕ ਹੁੰਦਾ ਹੈ। ਜਿਵੇਂ-ਜਿਵੇਂ ਸਮਾਂ ਬੀਤਦਾ ਹੈ, ਫੋਰੈਂਸਿਕ ਜਾਂਚਕਰਤਾਵਾਂ ਲਈ DNA ਨਮੂਨਾ ਪ੍ਰਾਪਤ ਕਰਨ ਦੀ ਸੰਭਾਵਨਾ ਘੱਟ ਹੁੰਦੀ ਜਾਂਦੀ ਹੈ, ਇਸੇ ਕਰਕੇ ਪੁਲਿਸ ਜਿੰਨੀ ਜਲਦੀ ਹੋ ਸਕੇ ਤੁਹਾਡੇ Sexual Assault Referral Centre ਵਿਖੇ ਮੁਲਾਕਾਤ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰਦੀ ਹੈ।

## Independent Sexual Violence Advisor (ISVA):

ਇੱਕ Independent Sexual Violence Advisor ਉਸ ਵਿਅਕਤੀ ਨੂੰ ਵਿਹਾਰਕ ਸਹਾਇਤਾ ਪ੍ਰਦਾਨ ਕਰ ਸਕਦਾ ਹੈ ਜਿਸ ਨੇ ਜਿਨਸੀ ਹਿੰਸਾ ਦਾ ਸਾਹਮਣਾ ਕੀਤਾ ਹੈ। ਉਹ ਸਰਵਾਈਵਰ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਉਨ੍ਹਾਂ ਸੇਵਾਵਾਂ ਨੂੰ ਸਮਝਣ ਵਿੱਚ ਸਹਾਇਤਾ ਕਰ ਸਕਦੇ ਹਨ ਜਿਨ੍ਹਾਂ ਤੱਕ ਉਹ ਪਹੁੰਚ ਕਰ ਸਕਦੇ ਹਨ। ਇੱਕ ISVA ਪੁਲਿਸ ਤੋਂ ਸੁਤੰਤਰ ਹੁੰਦਾ ਹੈ।

ਜੇਕਰ ਤੁਸੀਂ Police ਨੂੰ ਰਿਪੋਰਟ ਕਰਨ ਦੀ ਚੋਣ ਕਰਦੇ ਹੋ, ਤਾਂ ਇੱਕ ISVA ਪੂਰੀ ਕਾਨੂੰਨੀ ਪ੍ਰਕਿਰਿਆ ਦੌਰਾਨ ਤੁਹਾਡੀ ਸਹਾਇਤਾ ਕਰ ਸਕਦਾ ਹੈ, ਜਿਸ ਵਿੱਚ ਤੁਹਾਡੇ ਵੱਲੋਂ Police, Courts, Crown Prosecution Service ਅਤੇ ਹੋਰ ਏਜੰਸੀਆਂ ਨਾਲ ਤਾਲਮੇਲ ਕਰਨਾ ਸ਼ਾਮਲ ਹੋ ਸਕਦਾ ਹੈ। ਇੱਕ ISVA ਵਿਹਾਰਕ ਮਾਮਲਿਆਂ ਵਿੱਚ ਵੀ ਮਦਦ ਕਰ ਸਕਦਾ ਹੈ, ਜਿਵੇਂ ਕਿ ਰਿਹਾਇਸ਼, ਲਾਭ, ਸਿਹਤ ਸੇਵਾਵਾਂ ਆਦਿ। ਜੇਕਰ ਕੋਈ ਸਰਵਾਈਵਰ ਅਪਰਾਧਿਕ ਕਾਰਵਾਈ ਨਹੀਂ ਕਰਨਾ ਚਾਹੁੰਦੇ ਹੋ, ਤਾਂ ਵੀ ਇੱਕ ISVA ਸਰਵਾਈਵਰ ਦੀ ਭਾਵਨਾਤਮਕ ਅਤੇ ਸਰੀਰਕ ਤੰਦਰੁਸਤੀ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ।

## Judge

ਇੱਕ judge ਉਹ ਵਿਅਕਤੀ ਹੁੰਦਾ ਹੈ ਜੋ ਅਦਾਲਤੀ ਕਾਰਵਾਈ ਦੀ ਪ੍ਰਧਾਨਗੀ ਕਰਦਾ ਹੈ, ਚਾਹੇ ਉਹ ਇਕੱਲਾ ਹੋਵੇ ਜਾਂ ਜੱਜਾਂ ਦੇ ਪੈਨਲ ਦੇ ਹਿੱਸੇ ਵਜੋਂ। Judge ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਮੁਕੱਦਮੇ ਦੀ ਕਾਰਵਾਈ ਨਿਰਪੱਖਤਾ ਨਾਲ ਅਤੇ, ਆਮ ਤੌਰ 'ਤੇ, ਖੁੱਲ੍ਹੀ ਅਦਾਲਤ ਵਿੱਚ ਚਲਾਏ। Judge ਸਾਰੇ ਗਵਾਹਾਂ ਨੂੰ ਸੁਣਦਾ ਹੈ ਅਤੇ ਕੇਸ ਦੇ ਵਕੀਲਾਂ ਦੁਆਰਾ ਪੇਸ਼ ਕੀਤੇ ਗਏ ਕਿਸੇ ਵੀ ਹੋਰ ਸਬੂਤ ਨੂੰ ਦੇਖਦਾ ਹੈ, ਪਾਰਟੀਆਂ ਦੀ ਭਰੋਸੇਯੋਗਤਾ ਅਤੇ ਦਲੀਲਾਂ ਦਾ ਮੁਲਾਂਕਣ ਕਰਦਾ ਹੈ, ਅਤੇ ਫਿਰ ਕਾਨੂੰਨ ਦੀ ਆਪਣੀ ਵਿਆਖਿਆ ਅਤੇ ਆਪਣੇ ਨਿੱਜੀ ਨਿਰਣੇ ਦੇ ਅਧਾਰ 'ਤੇ ਕੇਸ 'ਤੇ ਫੈਸਲਾ ਸੁਣਾਉਂਦਾ ਹੈ। ਉਹ ਅਜਿਹੀ ਸਜ਼ਾ ਸੁਣਾਉਣਗੇ ਜੋ ਅਪਰਾਧ ਦੀ ਗੰਭੀਰਤਾ ਨੂੰ ਦਰਸਾਉਂਦੀ ਹੋਵੇ। ਉਹ ਅਦਾਲਤ ਦੇ ਇੰਚਾਰਜ ਹੁੰਦੇ ਹਨ।

## Jury
ਇੱਕ Jury ਬੇਤਰਤੀਬੇ ਚੁਣੇ ਗਏ ਮਰਦਾਂ ਅਤੇ ਔਰਤਾਂ ਦਾ ਇੱਕ ਪੈਨਲ ਹੁੰਦੀ ਹੈ। ਇੱਕ jury ਵਿੱਚ 12 ਤੱਕ ਲੋਕ ਹੋ ਸਕਦੇ ਹਨ, ਉਹਨਾਂ ਦਾ ਅਪਰਾਧਿਕ ਕੇਸ ਨਾਲ ਕੋਈ ਸਬੰਧ ਨਹੀਂ ਹੋਣਾ ਚਾਹੀਦਾ। Jury ਨੂੰ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨੀਆਂ ਚਾਹੀਦੀਆਂ ਹਨ ਅਤੇ ਸਾਰੇ ਸਬੂਤਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ। Jury ਨੂੰ ਇੱਕ ਨਿਰਪੱਖ ਫੈਸਲਾ ਲੈਣਾ ਚਾਹੀਦਾ ਹੈ ਅਤੇ ਕਾਨੂੰਨ ਦੇ ਨੁਕਤਿਆਂ 'ਤੇ ਜੱਜ ਦੁਆਰਾ ਉਨ੍ਹਾਂ ਨੂੰ ਨਿਰਦੇਸ਼ ਦਿੱਤੇ ਜਾਣਗੇ। ਜਿਨਸੀ ਅਪਰਾਧਾਂ ਦੇ ਮਾਮਲਿਆਂ ਵਿੱਚ, ਜੱਜ ਵਿਸ਼ੇਸ਼ ਨਿਰਦੇਸ਼ ਵੀ ਦੇ ਸਕਦਾ ਹੈ, ਜਿਵੇਂ ਕਿ ਰੂੜ੍ਹੀਵਾਦੀ ਧਾਰਨਾਵਾਂ ਦੇ ਅਧਾਰ 'ਤੇ ਅੰਦਾਜ਼ੇ ਲਗਾਉਣ ਤੋਂ ਬਚਣਾ। ਜਿਊਰੀ ਦੇ ਮੈਂਬਰਾਂ ਨੂੰ ਮੁਕੱਦਮੇ ਬਾਰੇ ਕਿਸੇ ਹੋਰ ਨਾਲ ਚਰਚਾ ਕਰਨ ਦੀ ਇਜਾਜ਼ਤ ਨਹੀਂ ਹੁੰਦੀ, ਤਾਂ ਜੋ ਉਨ੍ਹਾਂ ਨੂੰ ਪੱਖਪਾਤੀ ਹੋਣ ਤੋਂ ਬਚਾਇਆ ਜਾ ਸਕੇ। Jury ਨੂੰ ਤੱਥਾਂ ਦੇ ਆਧਾਰ 'ਤੇ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਦੋਸ਼ੀ ਕਸੂਰਵਾਰ ਹੈ ਜਾਂ ਨਹੀਂ ।

## Magistrates' Court
ਇੱਕ Magistrates' Court ਇੱਕ ਹੇਠਲੀ ਅਦਾਲਤ ਹੁੰਦੀ ਹੈ ਜੋ summary offences ਲਈ ਮੁਕੱਦਮੇ ਅਤੇ ਵਧੇਰੇ ਗੰਭੀਰ ਅਪਰਾਧਾਂ ਲਈ ਮੁੱਢਲੀ ਸੁਣਵਾਈ ਕਰਦੀ ਹੈ। ਲਗਭਗ ਸਾਰੀਆਂ ਅਪਰਾਧਿਕ ਕਾਰਵਾਈਆਂ Magistrates' Court ਤੋਂ ਸ਼ੁਰੂ ਹੁੰਦੀਆਂ ਹਨ, ਉਹਨਾਂ ਕੋਲ Crown Courts ਜਿੰਨੀਆਂ ਸ਼ਕਤੀਆਂ ਨਹੀਂ ਹੁੰਦੀਆਂ ਅਤੇ ਉਹ  ਘੱਟ ਗੰਭੀਰ ਅਪਰਾਧਾਂਅਤੇ ਸਿਵਲ ਮਾਮਲਿਆਂ ਨਾਲ ਨਜਿੱਠਦੇ ਹਨ।

## Officer in the Case (OIC)
ਇੱਕ Officer in the Case ਸਾਦੇ ਕੱਪੜਿਆਂ ਵਿੱਚ ਇੱਕ Police officer ਹੁੰਦਾ ਹੈ ਜਿਸ ਕੋਲ ਜਬਰ-ਜ਼ਨਾਹ ਅਤੇ ਗੰਭੀਰ ਜਿਨਸੀ ਅਪਰਾਧਾਂ ਦੀ ਤਫ਼ਤੀਸ਼ ਵਿੱਚ ਮਾਹਰ ਸਿਖਲਾਈ ਹੁੰਦੀ ਹੈ। ਇੱਕ OIC ਨੂੰ ਸਰਵਾਈਵਰ ਦੇ ਕੇਸ ਦੀ ਜ਼ਿੰਮੇਵਾਰੀ ਸੌਂਪੀ ਜਾਵੇਗੀ ਤਾਂ ਜੋ ਉਹ ਜਾਂਚ ਕਰ ਸਕੇ ਅਤੇ ਸਾਰੇ ਸਬੂਤ ਸੁਰੱਖਿਅਤ ਕਰ ਸਕੇ। ਅਜਿਹਾ ਹੀ ਇੱਕ ਕੰਮ 'first complainant' ਦਾ ਬਿਆਨ ਦਰਜ ਕਰਨਾ ਹੋਵੇਗਾ। ਇਹ ਉਹ ਪਹਿਲਾ ਵਿਅਕਤੀ ਹੁੰਦਾ ਹੈ ਜਿਸ ਨੂੰ ਪੀੜਤ ਨੇ ਆਪਣੇ ਨਾਲ ਹੋਈ ਘਟਨਾ ਬਾਰੇ ਦੱਸਿਆ ਸੀ - ਆਮ ਤੌਰ 'ਤੇ ਕੋਈ ਦੋਸਤ, ਸਹਿਕਰਮੀ, ਸਹਾਇਤਾ ਸੇਵਾ, ਪੁਲਿਸ ਅਫ਼ਸਰ ਜਾਂ ਕੋਈ ਹੋਰ ਜਿਸ 'ਤੇ ਉਹ ਭਰੋਸਾ ਕਰਦੇ ਹਨ।

## Opening Speech
ਇੱਕ Opening Speech ਆਮ ਤੌਰ 'ਤੇ ਪਹਿਲਾ ਮੌਕਾ ਹੁੰਦਾ ਹੈ ਜਦੋਂ ਜਿਊਰੀ ਕਿਸੇ ਵੀ ਵਕੀਲ ਨੂੰ ਸੁਣਦੀ ਹੈ। ਇੱਕ ਪ੍ਰੋਸੀਕਿਊਸ਼ਨ ਵਕੀਲ ਜਿਊਰੀ ਨੂੰ ਕੇਸ ਬਾਰੇ ਵਿਸਥਾਰ ਵਿੱਚ ਦੱਸੇਗਾ। ਇਹ ਕਾਫ਼ੀ ਨਾਟਕੀ ਹੋ ਸਕਦਾ ਹੈ ਕਿਉਂਕਿ ਉਹ ਵਾਪਰੀਆਂ ਘਟਨਾਵਾਂ ਦੇ ਤੱਥਾਂ ਨੂੰ ਪੇਸ਼ ਕਰਨਗੇ, ਇਹ ਦੱਸਣਗੇ ਕਿ ਉਹ ਕਿਹੜੇ ਸਬੂਤ ਪੇਸ਼ ਕਰਨ ਦੀ ਯੋਜਨਾ ਬਣਾ ਰਹੇ ਹਨ ਅਤੇ ਉਹ ਇਹ ਕਿਵੇਂ ਸਾਬਤ ਕਰਨਗੇ ਕਿ ਦੋਸ਼ੀ ਕਸੂਰਵਾਰ ਹੈ। ਬਚਾਅ ਪੱਖ ਦਾ ਵਕੀਲ ਫਿਰ ਬਿਲਕੁਲ ਅਜਿਹਾ ਹੀ ਭਾਸ਼ਣ ਪੇਸ਼ ਕਰੇਗਾ, ਜਿਸ ਵਿੱਚ ਉਹ ਆਪਣੇ ਨਜ਼ਰੀਏ ਤੋਂ ਕੇਸ ਦੀ ਵਿਆਖਿਆ ਕਰੇਗਾ ਅਤੇ ਜਿਊਰੀ ਨੂੰ ਦੱਸੇਗਾ ਕਿ ਉਹ ਇਹ ਕਿਵੇਂ ਸਾਬਤ ਕਰਨਗੇ ਕਿ ਦੋਸ਼ੀ ਕਸੂਰਵਾਰ ਨਹੀਂ ਹੈ। ਪ੍ਰੋਸੀਕਿਊਸ਼ਨ ਵਕੀਲ ਅਤੇ ਬਚਾਅ ਪੱਖ ਦੇ ਵਕੀਲ ਦੋਵੇਂ ਜਿਊਰੀ ਸਾਹਮਣੇ ਸਿਰਫ਼ ਤੱਥ ਹੀ ਪੇਸ਼ ਕਰ ਸਕਦੇ ਹਨ, ਇਸ ਲਈ ਉਹ ਆਪਣੀ ਰਾਏ ਨਹੀਂ ਦੇ ਸਕਦੇ ਜਾਂ ਅਫ਼ਵਾਹਾਂ ਜਾਂਅੰਦਾਜ਼ਿਆਂ 'ਤੇ ਚਰਚਾ ਨਹੀਂ ਕਰ ਸਕਦੇ।

## Police Call Handler
Police Call Handler 999 ਅਤੇ 101 ਕਾਲਾਂ ਦੇ ਜਵਾਬ ਦਿੰਦੇ ਹਨ, ਉਹ Police officer ਨਹੀਂ ਹੁੰਦੇ, ਪਰ ਉਹ Police staff ਸਟਾਫ ਦੇ ਉੱਚ-ਸਿਖਲਾਈ ਪ੍ਰਾਪਤ ਅਤੇ ਕੁਸ਼ਲ ਮੈਂਬਰ ਹੁੰਦੇ ਹਨ। ਉਹ ਬਹੁਤ ਸਾਰੀਆਂ ਵੱਖ-ਵੱਖ ਸਥਿਤੀਆਂ ਵਿੱਚ ਲੋਕਾਂ ਨਾਲ ਗੱਲ ਕਰਨ ਦੇ ਆਦੀ ਹੁੰਦੇ ਹਨ, ਜਿਸ ਵਿੱਚ ਸਲਾਹ ਲਈ ਫ਼ੋਨ ਕਰਨ ਵਾਲੇ ਲੋਕਾਂ ਤੋਂ ਲੈ ਕੇ ਬਹੁਤ ਹੀ ਦੁਖਦਾਈ ਹਾਲਾਤਾਂ ਵਿੱਚ ਫਸੇ ਲੋਕ ਸ਼ਾਮਲ ਹੁੰਦੇ ਹਨ। ਉਹ ਤੁਹਾਡੇ ਤੋਂ ਵੇਰਵੇ ਲੈਣਗੇ ਅਤੇ ਤੁਹਾਡੇ ਨਾਲ ਸੰਪਰਕ ਕਰਨ ਜਾਂ ਤੁਹਾਡੇ ਕੋਲ ਆਉਣ ਲਈ ਇੱਕ Police officer/staff member ਦਾ ਪ੍ਰਬੰਧ ਕਰਨਗੇ।

## ਪ੍ਰੋਸੀਕਿਊਸ਼ਨ ਵਕੀਲ
ਇੱਕ ਪ੍ਰੋਸੀਕਿਊਸ਼ਨ ਵਕੀਲ Crown Prosecution Service (CPS) ਲਈ ਕੰਮ ਕਰੇਗਾ। ਉਹ 'Crown' ਦੇ ਪੱਖ ਤੋਂ ਅਤੇ ਇਨਸਾਫ਼ ਦੇ ਹਿੱਤ ਵਿੱਚ ਕੰਮ ਕਰਨਗੇ। ਪ੍ਰੋਸੀਕਿਊਸ਼ਨ ਉਹ ਕਾਨੂੰਨੀ ਧਿਰ ਹੈ ਜੋ ਕਾਨੂੰਨ ਤੋੜਨ ਦੇ ਦੋਸ਼ੀ ਵਿਅਕਤੀ ਦੇ ਵਿਰੁੱਧ ਅਪਰਾਧਿਕ ਮੁਕੱਦਮੇ ਵਿੱਚ ਕੇਸ ਪੇਸ਼ ਕਰਨ ਲਈ ਜ਼ਿੰਮੇਵਾਰ ਹੁੰਦੀ ਹੈ।

## ਪਬਲਿਕ ਗੈਲਰੀ
ਇੱਕ ਪਬਲਿਕ ਗੈਲਰੀ ਅਦਾਲਤ ਅੰਦਰ ਸਥਿਤ ਹੁੰਦੀ ਹੈ। ਆਮ ਤੌਰ 'ਤੇ, ਅਦਾਲਤ ਦੀ ਸੁਣਵਾਈ/ਮੁਕੱਦਮੇ ਦੌਰਾਨ ਕੋਈ ਵੀ ਵਿਅਕਤੀ ਪਬਲਿਕ ਗੈਲਰੀ ਵਿੱਚ ਬੈਠ ਸਕਦਾ ਹੈ - ਇਹ ਖੁੱਲ੍ਹੇ ਇਨਸਾਫ਼ ਦੇ ਸਿਧਾਂਤ ਦਾ ਹਿੱਸਾ ਹੈ, ਜੋ ਇਹ ਯਕੀਨੀ ਬਣਾਉਂਦਾ ਹੈ ਕਿ ਅਪਰਾਧਿਕ ਨਿਆਂ ਪ੍ਰਣਾਲੀ ਹਰ ਕਿਸੇ ਲਈ ਖੁੱਲ੍ਹੀ ਹੈ। ਹਾਲਾਂਕਿ, ਪਬਲਿਕ ਗੈਲਰੀ ਵਿੱਚ ਬੈਠੇ ਲੋਕ ਆਪਣੇ ਫ਼ੋਨਾਂ ਦੀ ਵਰਤੋਂ ਨਹੀਂ ਕਰ ਸਕਦੇ (ਨਾ ਤਾਂ ਸੁਨੇਹੇ ਭੇਜਣ ਲਈ ਅਤੇ ਨਾ ਹੀ ਕੁਝ ਰਿਕਾਰਡ ਕਰਨ ਲਈ) ਅਤੇ ਉਹ ਬੋਲ ਵੀ ਨਹੀਂ ਸਕਦੇ (ਖ਼ਾਸ ਕਰਕੇ ਅਜਿਹੇ ਤਰੀਕੇ ਨਾਲ ਜਿਸ ਨਾਲ ਮੁਕੱਦਮੇ ਵਿੱਚ ਕੋਈ ਰੁਕਾਵਟ ਪਵੇ)। ਗਵਾਹ ਉਦੋਂ ਤੱਕ ਜਨਤਕ ਗੈਲਰੀ ਵਿੱਚ ਨਹੀਂ ਬੈਠ ਸਕਣਗੇ ਜਦੋਂ ਤੱਕ ਉਹ ਆਪਣਾ ਬਿਆਨ ਦਰਜ ਨਹੀਂ ਕਰਵਾ ਦਿੰਦੇ।

## Released Under Investigation

ਆਮ ਤੌਰ 'ਤੇ ਕਿਸੇ ਸਸਪੈਕਟ ਨੂੰ ਸਿਰਫ 24 ਘੰਟਿਆਂ ਲਈ ਪੁਲਿਸ ਹਿਰਾਸਤ ਵਿੱਚ ਰੱਖਣ ਦੀ ਇਜਾਜ਼ਤ ਹੁੰਦੀ ਹੈ, ਇਸ ਲਈ ਪੁਲਿਸ ਨੂੰ ਸ਼ੱਕੀ ਨੂੰ ਤਫਤੀਸ਼ ਅਧੀਨ ਰਿਹਾਅ ਕਰਨਾ ਪੈ ਸਕਦਾ ਹੈ। ਇਸ ਦਾ ਮਤਲਬ ਹੈ ਕਿ ਸਸਪੈਕਟ ਮਿਤੀ ਅਤੇ ਸਮੇਂ 'ਤੇ Police ਸਟੇਸ਼ਨ ਜਾਂ ਅਦਾਲਤ ਵਿੱਚ ਵਾਪਸ ਆਉਣ ਲਈ ਕਾਨੂੰਨੀ ਤੌਰ 'ਤੇ ਪਾਬੰਦ ਹੈ।

ਜੇਕਰ ਕਿਸੇ ਵਿਅਕਤੀ ਨੂੰ ਤਫਤੀਸ਼ ਅਧੀਨ ਰਿਹਾਅ ਕੀਤਾ ਜਾਂਦਾ ਹੈ, ਤਾਂ ਉਹ ਅਦਾਲਤੀ ਸੁਣਵਾਈ ਤੱਕ ਘਰ (ਜਾਂ ਕਿਸੇ ਹੋਰ ਪਤੇ 'ਤੇ) ਜਾਣ ਦੇ ਯੋਗ ਹੋਣਗੇ। Police ਤਫਤੀਸ਼ ਅਧੀਨ ਰਿਹਾਅ ਕਰਨ ਵੇਲੇ ਸ਼ਰਤਾਂ ਲਗਾ ਸਕਦੀ ਹੈ, ਜਿਵੇਂ ਕਿ ਕਿਸੇ ਖਾਸ ਪਤੇ 'ਤੇ ਨਾ ਰਹਿਣਾ, ਖਾਸ ਵਿਅਕਤੀਆਂ ਨਾਲ ਸੰਪਰਕ ਨਾ ਕਰਨਾ ਜਾਂ ਦੇਸ਼ ਛੱਡ ਕੇ ਨਾ ਜਾਣਾ।

ਇੱਕ ਸਸਪੈਕਟ ਨੂੰ ਰਿਹਾਅ ਨਹੀਂ ਕੀਤਾ ਜਾ ਸਕਦਾ ਅਤੇ ਅਗਲੀ ਅਦਾਲਤੀ ਤਰੀਕ ਤੱਕ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ ਜੇਕਰ;

- ਉਨ੍ਹਾਂ 'ਤੇ ਕਿਸੇ ਗੰਭੀਰ ਅਪਰਾਧ ਦਾ ਦੋਸ਼ ਲਗਾਇਆ ਗਿਆ ਹੋਵੇ।
- ਪਹਿਲਾਂ ਕਿਸੇ ਗੰਭੀਰ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੋਵੇ।
- ਪਿਛਲੀਆਂ ਪੁਲਿਸ ਸ਼ਰਤਾਂ ਦੀ ਉਲੰਘਣਾ ਕੀਤੀ ਹੋਵੇ।
- ਜੇਕਰ ਪੁਲਿਸ ਨੂੰ ਲੱਗਦਾ ਹੈ ਕਿ ਉਹ ਸੁਣਵਾਈ 'ਤੇ ਹਾਜ਼ਰ ਨਹੀਂ ਹੋਣਗੇ ਜਾਂ ਕੋਈ ਹੋਰ ਅਪਰਾਧ ਕਰ ਸਕਦੇ ਹਨ।

ਜੇਕਰ ਕਿਸੇ ਵਿਅਕਤੀ ਨੂੰ ਤਫ਼ਤੀਸ਼ ਅਧੀਨ ਰਿਹਾਅ ਕੀਤਾ ਜਾਂਦਾ ਹੈ, ਤਾਂ Police ਆਪਣੀ ਤਫ਼ਤੀਸ਼ ਜਾਰੀ ਰੱਖੇਗੀ। ਉਹ ਸਸਪੈਕਟ ਤੋਂ ਦੁਬਾਰਾ ਪੁੱਛਗਿੱਛ ਕਰ ਸਕਦੇ ਹਨ, ਜਾਂ ਲੋੜੀਂਦੇ ਸਬੂਤ ਮਿਲਣ 'ਤੇ ਉਸ ਵਿਰੁੱਧ ਚਾਰਜ ਆਇਦ ਕਰ ਸਕਦੇ ਹਨ। Police ਤੁਹਾਨੂੰ ਲਾਗੂ ਕੀਤੇ ਗਏ ਕਿਸੇ ਵੀ ਸੁਰੱਖਿਆ ਉਪਾਵਾਂ ਬਾਰੇ ਸੂਚਿਤ ਕਰੇਗੀ।

## ਗੁਮਨਾਮ ਰਹਿਣ ਦਾ ਅਧਿਕਾਰ (Right to Anonymity)

ਮੀਡੀਆ ਲਈ ਕੋਈ ਵੀ ਅਜਿਹੇ ਨਿੱਜੀ ਵੇਰਵੇ ਪ੍ਰਕਾਸ਼ਿਤ ਕਰਨਾ ਗੈਰ-ਕਾਨੂੰਨੀ ਹੈ ਜਿਸ ਨਾਲ ਕਿਸੇ ਵਿਅਕਤੀ ਦੀ ਪਛਾਣ ਬਲਾਤਕਾਰ, ਜਿਨਸੀ ਸ਼ੋਸ਼ਣ ਜਾਂ ਬਲਾਤਕਾਰ/ਜਿਨਸੀ ਸ਼ੋਸ਼ਣ ਦੀ ਕੋਸ਼ਿਸ਼ ਦੇ ਪੀੜਤ ਵਜੋਂ ਹੋਣ ਦੀ ਸੰਭਾਵਨਾ ਹੋਵੇ। ਇਸ ਵਿੱਚ ਤੁਹਾਡਾ ਨਾਮ, ਪਤਾ ਅਤੇ ਤੁਹਾਡੀ ਕੋਈ ਵੀ ਤਸਵੀਰ ਸ਼ਾਮਲ ਹੈ, ਪਰ ਇਸ ਵਿੱਚ ਤੁਹਾਡੀ ਨੌਕਰੀ ਜਾਂ ਉਮਰ ਵੀ ਸ਼ਾਮਲ ਹੋ ਸਕਦੀ ਹੈ। ਰਿਪੋਰਟਿੰਗ ਪਾਬੰਦੀ ਦਾ ਮਤਲਬ ਹੈ ਕਿ ਤੁਹਾਡੀ ਪਛਾਣ ਉਮਰ ਭਰ ਗੁਪਤ ਰਹੇਗੀ।

## Senior Crown Prosecutor

ਇੱਕ Senior Crown Prosecutor ਇੱਕ ਵਕੀਲ ਹੁੰਦਾ ਹੈ ਜੋ Crown Prosecution Service (CPS) ਲਈ ਕੰਮ ਕਰਦਾ ਹੈ। Senior Crown Prosecutor ਉੱਚ ਸਿਖਲਾਈ ਪ੍ਰਾਪਤ ਹੋਵੇਗਾ ਅਤੇ ਬਲਾਤਕਾਰ ਅਤੇ ਜਿਨਸੀ ਅਪਰਾਧਾਂ ਦੇ ਮੁਕੱਦਮਿਆਂ ਵਿੱਚ ਮਾਹਰ ਹੋਵੇਗਾ।

## Sexual Offence Examiner (SOE)

Sexual Offence Examiner ਯੋਗਤਾ ਪ੍ਰਾਪਤ ਨਰਸਾਂ ਹੁੰਦੀਆਂ ਹਨ ਅਤੇ ਇੱਕ ਪੀੜਤ Sexual Assault Referral Centre (SARC) ਰਾਹੀਂ ਉਹਨਾਂ ਦੇ ਸੰਪਰਕ ਵਿੱਚ ਆ ਸਕਦਾ ਹੈ। ਇੱਕ SOE ਇੱਕ ਸਿਹਤ ਸੰਭਾਲ ਪ੍ਰਦਾਤਾ ਹੁੰਦਾ ਹੈ, ਇਸ ਲਈ ਪੀੜਤ ਦੀ ਸਿਹਤ ਅਤੇ ਤੰਦਰੁਸਤੀ ਨੂੰ ਹਮੇਸ਼ਾ ਪਹਿਲ ਦਿੱਤੀ ਜਾਂਦੀ ਹੈ ਅਤੇ ਹਮੇਸ਼ਾ ਸਹਿਮਤੀ ਲਈ ਜਾਂਦੀ ਹੈ। ਇੱਕ SOE ਅਪਰਾਧ ਦੇ ਪੀੜਤ ਲੋਕਾਂ ਤੋਂ ਸਬੂਤ ਇਕੱਠੇ ਕਰਨ ਵਿੱਚ ਮਦਦ ਕਰੇਗਾ। ਉਹ ਸਬੂਤ ਇਕੱਠੇ ਕਰਨ ਦੇ ਨਾਲ-ਨਾਲ ਕਿਸੇ ਵੀ ਸੱਟ  ਦਾ ਮੁਲਾਂਕਣ ਵੀ ਕਰਨਗੇ। ਉਨ੍ਹਾਂ ਨੂੰ ਕਈ ਵਾਰ ਅਦਾਲਤ ਵਿੱਚ ਮਾਹਰ ਗਵਾਹ ਵਜੋਂ ਸਬੂਤ ਦੇਣ ਲਈ ਵੀ ਕਿਹਾ ਜਾਂਦਾ ਹੈ।

## ਵਿਸ਼ੇਸ਼ ਉਪਾਅ

ਕਈ ਗਵਾਹ ਅਪਰਾਧ ਦੀ ਜਾਂਚ ਦੌਰਾਨ ਅਤੇ ਅਦਾਲਤ ਵਿੱਚ ਹਾਜ਼ਰ ਹੋਣ ਅਤੇ ਸਬੂਤ ਦੇਣ ਸਮੇਂ ਤਣਾਅ ਅਤੇ ਡਰ ਮਹਿਸੂਸ ਕਰਦੇ ਹਨ। ਕੁਝ ਗਵਾਹਾਂ ਨੂੰ ਆਪਣੀ ਉਮਰ, ਨਿੱਜੀ ਹਾਲਾਤਾਂ ਜਾਂ ਡਰਾਏ-ਧਮਕਾਏ ਜਾਣ ਦੇ ਡਰ ਕਾਰਨ ਅਦਾਲਤ ਵਿੱਚ ਪੇਸ਼ ਹੋਣ ਅਤੇ ਗਵਾਹੀ ਦੇਣ ਵਿੱਚ ਖਾਸ ਮੁਸ਼ਕਲਾਂ ਆ ਸਕਦੀਆਂ ਹਨ। ਅਜਿਹੇ ਹਾਲਾਤਾਂ ਵਿੱਚ, ਜਿੱਥੇ ਗਵਾਹਾਂ ਨੂੰ ਕਮਜ਼ੋਰ ਜਾਂ ਡਰਿਆ-ਧਮਕਾਇਆ ਹੋਇਆ ਮੰਨਿਆ ਜਾਂਦਾ ਹੈ, "ਵਿਸ਼ੇਸ਼ ਉਪਾਅ" ਉਨ੍ਹਾਂ ਦੇ ਸਬੂਤਾਂ ਦੀ ਗੁਣਵੱਤਾ ਵਿੱਚ ਸੁਧਾਰ ਕਰ ਸਕਦੇ ਹਨ ਅਤੇ ਤਣਾਅ ਨੂੰ ਘਟਾ ਸਕਦੇ ਹਨ। ਵਿਅਕਤੀ ਦੀਆਂ ਵਿਸ਼ੇਸ਼ ਲੋੜਾਂ ਅਨੁਸਾਰ ਵਿਸ਼ੇਸ਼ ਉਪਾਅ ਹੋਣੇ ਚਾਹੀਦੇ ਹਨ, ਜਿਵੇਂ ਕਿ ਪਰਦੇ ਦੇ ਪਿੱਛੇ ਤੋਂ ਗਵਾਹੀ ਦੇਣਾ ਜਾਂ ਲਾਈਵ ਲਿੰਕ ਦੀ ਵਰਤੋਂ ਕਰਨਾ।

## Specially Trained Officers (STOs)

Specially Trained Officers ਉਹ ਪੁਲਿਸ ਅਧਿਕਾਰੀ ਹੁੰਦੇ ਹਨ ਜਿਨ੍ਹਾਂ ਨੂੰ ਜਿਨਸੀ ਹਿੰਸਾ ਦੀਆਂ ਰਿਪੋਰਟਾਂ ਅਤੇ ਜਾਂਚਾਂ ਦਾ ਪ੍ਰਬੰਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਸਿਖਲਾਈ ਦਿੱਤੀ ਗਈ ਹੁੰਦੀ ਹੈ। ਇੱਕ STO ਕੋਲ ਡਾਕਟਰੀ ਜਾਂਚ ਅਤੇ ਸੱਟਾਂ ਬਾਰੇ ਵਿਸ਼ੇਸ਼ ਗਿਆਨ ਅਤੇ ਸਮਝ ਹੋਵੇਗੀ, ਨਾਲ ਹੀ ਇਹ ਜਾਣਕਾਰੀ ਵੀ ਹੋਵੇਗੀ ਕਿ ਜਿਨਸੀ ਹਿੰਸਾ ਦੇ ਪੀੜਤ ਦੀ ਸਹਾਇਤਾ ਕਿਵੇਂ ਕਰਨੀ ਹੈ ਅਤੇ ਮਾਹਰ ਸਹਾਇਤਾ ਸੇਵਾਵਾਂ ਅਤੇ ਸਹਿਯੋਗੀ ਸੰਸਥਾਵਾਂ ਕੋਲ ਰੈਫਰਲ ਕਿਵੇਂ ਅਤੇ ਕਿੱਥੇ ਭੇਜਣੇ ਹਨ।

## Standard of Proof

ਜਿਊਰੀ ਮੈਂਬਰਾਂ ਨੂੰ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਲਈ ਇਹ ਵਿਸ਼ਵਾਸ ਕਰਨਾ ਜ਼ਰੂਰੀ ਹੈ ਕਿ ਮੁਲਜ਼ਮ 'ਵਾਜਬ ਸ਼ੱਕ ਤੋਂ ਪਰੇ' ਦੋਸ਼ੀ ਹੈ। ਇਸਦਾ ਮਤਲਬ ਇਹ ਹੈ ਕਿ ਦੋਸ਼ੀ ਕਰਾਰ ਦੇਣ ਦਾ ਫੈਸਲਾ ਕਰਨ ਤੋਂ ਪਹਿਲਾਂ ਉਹਨਾਂ ਨੂੰ ਪੂਰੀ ਤਰ੍ਹਾਂ ਯਕੀਨੀ ਹੋਣਾ ਚਾਹੀਦਾ ਹੈ - ਜੇਕਰ ਉਹਨਾਂ ਨੂੰ ਲੱਗਦਾ ਹੈ ਕਿ ਮੁਲਜ਼ਮ ਦੇ ਦੋਸ਼ੀ ਹੋਣ ਦੀ ਸੰਭਾਵਨਾ ਜ਼ਿਆਦਾ ਹੈ, ਪਰ ਕੋਈ ਅਜਿਹਾ ਸਬੂਤ ਹੈ ਜੋ ਇਸਦਾ ਖੰਡਨ ਕਰਦਾ ਹੈ, ਤਾਂ ਉਹ ਮੁਲਜ਼ਮ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ।

ਜਿਊਰੀ ਨੂੰ ਇੱਕ ਸਰਬਸੰਮਤੀ ਨਾਲ ਫੈਸਲਾ (unanimous decision) ਲੈਣ ਦੀ ਕੋਸ਼ਿਸ਼ ਕਰਨ ਲਈ ਕਿਹਾ ਜਾਵੇਗਾ (ਜਿੱਥੇ ਸਾਰੇ 12 ਜਿਊਰੀ ਮੈਂਬਰ ਇੱਕੋ ਗੱਲ ਸੋਚਦੇ ਹਨ)। ਜੇਕਰ ਘੱਟੋ-ਘੱਟ ਦੋ ਘੰਟਿਆਂ ਬਾਅਦ ਵੀ ਸਾਰੇ ਜਿਊਰੀ ਮੈਂਬਰ ਇੱਕੋ ਫੈਸਲੇ 'ਤੇ ਨਹੀਂ ਪਹੁੰਚ ਪਾਉਂਦੇ, ਤਾਂ ਜੱਜ ਬਹੁਮਤ ਦੇ ਫੈਸਲੇ ਨੂੰ ਸਵੀਕਾਰ ਕਰ ਸਕਦਾ ਹੈ, ਜਿੱਥੇ 10 ਜਿਊਰੀ ਮੈਂਬਰ ਫੈਸਲੇ 'ਤੇ ਸਹਿਮਤ ਹੁੰਦੇ ਹਨ।

## ਸਸਪੈਕਟ

ਇੱਕ ਸਸਪੈਕਟ ਉਹ ਵਿਅਕਤੀ ਹੁੰਦਾ ਹੈ ਜਿਸ ਬਾਰੇ ਪੁਲਿਸ ਨੂੰ ਵਿਸ਼ਵਾਸ ਹੁੰਦਾ ਹੈ ਕਿ ਉਸ ਨੇ ਅਪਰਾਧ ਕੀਤਾ ਹੋ ਸਕਦਾ ਹੈ। Police ਕਈ ਕਾਰਕਾਂ ਨੂੰ ਵੀ ਧਿਆਨ ਵਿੱਚ ਰੱਖੇਗੀ, ਜਿਸ ਵਿੱਚ ਤੁਹਾਡੇ ਜਾਂ ਦੂਜਿਆਂ ਲਈ ਚੱਲ ਰਹੇ ਖਤਰੇ ਅਤੇ ਜੋਖਮ ਸ਼ਾਮਲ ਹਨ। ਗ੍ਰਿਫਤਾਰੀ ਕਰਨ ਦਾ ਫੈਸਲਾ ਹਰੇਕ ਮਾਮਲੇ ਦੇ ਹਾਲਾਤਾਂ ਦੇ ਆਧਾਰ 'ਤੇ ਲਿਆ ਜਾਂਦਾ ਹੈ। ਕਈ ਵਾਰ Police ਨੂੰ ਸ਼ੱਕ ਹੋ ਸਕਦਾ ਹੈ ਕਿ ਕੋਈ ਵਿਅਕਤੀ ਅਪਰਾਧ ਵਿੱਚ ਸ਼ਾਮਲ ਸੀ, ਪਰ ਜਾਂਚ ਤੋਂ ਬਾਅਦ ਪਤਾ ਲੱਗਦਾ ਹੈ ਕਿ ਉਹ ਸ਼ਾਮਲ ਨਹੀਂ ਸੀ। Police ਫਿਰ ਕਿਸੇ ਹੋਰ ਸ਼ੱਕੀ ਦੀ ਜਾਂਚ ਕਰ ਸਕਦੀ ਹੈ। ਉਹ ਸਸਪੈਕਟ ਨੂੰ ਹੋਰ ਨਾਵਾਂ ਨਾਲ ਵੀ ਬੁਲਾ ਸਕਦੇ ਹਨ, ਜਿਵੇਂ ਕਿ 'ਅਪਰਾਧੀ' ਜਾਂ 'ਮੁਲਜ਼ਮ'।

## ਵਰਦੀਧਾਰੀ ਅਧਿਕਾਰੀ

ਇੱਕ ਵਰਦੀਧਾਰੀ ਅਧਿਕਾਰੀ ਅਸਲ ਵਿੱਚ ਉਹੀ ਹੁੰਦਾ ਹੈ ਜੋ ਹਰ ਕਿਸੇ ਦੇ ਮਨ ਵਿੱਚ ਆਉਂਦਾ ਹੈ ਜਦੋਂ ਉਹ 'ਪੁਲਿਸ ਅਧਿਕਾਰੀ' ਸ਼ਬਦ ਸੁਣਦੇ ਹਨ। ਵਰਦੀਧਾਰੀ ਅਧਿਕਾਰੀ ਆਮ ਤੌਰ 'ਤੇ ਨੇਬਰਹੁੱਡ ਪੁਲਿਸਿੰਗ ਟੀਮਾਂ (neighbourhood policing teams) ਦਾ ਹਿੱਸਾ ਹੁੰਦੇ ਹਨ, ਜੋ ਰਿਸ਼ਤੇ ਬਣਾਉਣ ਅਤੇ ਸਥਾਨਕ ਭਾਈਚਾਰਿਆਂ ਵਿੱਚ ਮੁੱਦਿਆਂ ਨੂੰ ਹੱਲ ਕਰਨ ਲਈ ਕੰਮ ਕਰਦੇ ਹਨ। ਇਹ ਇੱਕ ਰਿਸਪਾਂਸ ਅਫਸਰ ਵੀ ਹੋ ਸਕਦਾ ਹੈ, ਜੋ ਕਿ ਕਿਸੇ ਘਟਨਾ ਸਥਾਨ 'ਤੇ ਪਹੁੰਚਣ ਵਾਲਾ ਪਹਿਲਾ ਵਿਅਕਤੀ ਹੁੰਦਾ ਹੈ।

## Victims Code

The Code of Practice for Victims of Crime (Victims Code) ਇੱਕ ਕਾਨੂੰਨੀ ਜ਼ਾਬਤਾ ਹੈ ਜੋ ਸੇਵਾ ਦੇ ਉਸ ਘੱਟੋ-ਘੱਟ ਪੱਧਰ ਨੂੰ ਨਿਰਧਾਰਤ ਕਰਦਾ ਹੈ ਜੋ ਪੀੜਤਾਂ ਨੂੰ ਅਪਰਾਧਿਕ ਨਿਆਂ ਪ੍ਰਣਾਲੀ ਤੋਂ ਪ੍ਰਾਪਤ ਹੋਣਾ ਚਾਹੀਦਾ ਹੈ। Victims' Code ਸਾਰੀਆਂ ਅਪਰਾਧਿਕ ਨਿਆਂ ਏਜੰਸੀਆਂ 'ਤੇ ਲਾਗੂ ਹੁੰਦੀ ਹੈ, ਜਿਸ ਵਿੱਚ Police, Crown Prosecution Service (CPS), Courts Service ਅਤੇ Probation Service ਸ਼ਾਮਲ ਹਨ। Code ਇਹ ਨਿਰਧਾਰਤ ਕਰਦਾ ਹੈ ਕਿ ਹਰੇਕ ਅਪਰਾਧਿਕ ਨਿਆਂ ਏਜੰਸੀ ਨੂੰ ਪੀੜਤਾਂ ਲਈ ਕੀ ਕਰਨਾ ਚਾਹੀਦਾ ਹੈ ਅਤੇ ਉਹਨਾਂ ਨੂੰ ਇਹ ਕਿਸ ਸਮਾਂ ਸੀਮਾ ਦੇ ਅੰਦਰ ਕਰਨਾ ਚਾਹੀਦਾ ਹੈ।

## Victim Contact Scheme (VCS):

ਪੀੜਤ ਸੰਪਰਕ ਸਕੀਮ ਹਿੰਸਕ ਅਤੇ ਜਿਨਸੀ ਅਪਰਾਧਾਂ ਦੇ ਪੀੜਤਾਂ ਨੂੰ ਪੇਸ਼ ਕੀਤੀ ਜਾਂਦੀ ਹੈ ਜਿੱਥੇ ਅਪਰਾਧੀ ਨੂੰ 12 ਮਹੀਨਿਆਂ ਜਾਂ ਇਸ ਤੋਂ ਵੱਧ ਦੀ ਸਜ਼ਾ ਮਿਲਦੀ ਹੈ। VCS ਦਾ ਉਦੇਸ਼ ਇੱਕ ਨਾਮਜ਼ਦ ਪੀੜਤ ਸੰਪਰਕ ਅਧਿਕਾਰੀ (Victim Liaison Officer - (VLO) ਦੁਆਰਾ ਯੋਗ ਪੀੜਤਾਂ ਨੂੰ ਅਪਰਾਧਿਕ ਨਿਆਂ ਪ੍ਰਕਿਰਿਆ ਬਾਰੇ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰਨਾ ਹੈ। ਇਸ ਵਿੱਚ ਅਪਰਾਧੀ ਦੀ ਸਜ਼ਾ ਦੇ ਮੁੱਖ ਪੜਾਵਾਂ ਬਾਰੇ ਸੂਚਿਤ ਰੱਖਣਾ ਸ਼ਾਮਲ ਹੈ, ਪ੍ਰੋਬੇਸ਼ਨ ਟਰੱਸਟ ਦੇ ਵਿਵੇਕ 'ਤੇ, ਜਿਵੇਂ ਕਿ ਖੁੱਲ੍ਹੀਆਂ ਸਥਿਤੀਆਂ ਵਿੱਚ ਤਬਦੀਲੀ ਜਾਂ ਰਿਹਾਈ, ਅਤੇ ਪੀੜਤ ਨਾਲ ਸਬੰਧਤ ਉਨ੍ਹਾਂ ਸ਼ਰਤਾਂ ਬਾਰੇ ਪੱਖ ਰੱਖਣਾ ਜੋ ਅਪਰਾਧੀ ਦੇ ਰਿਹਾਈ ਲਾਇਸੈਂਸ ਨਾਲ ਜੋੜੀਆਂ ਜਾ ਸਕਦੀਆਂ ਹਨ।

## Video Recorded Interview (VRI)

ਪੁਲਿਸ ਜਾਂ ਤਾਂ ਤੁਹਾਡਾ ਬਿਆਨ ਲਿਖਤੀ ਰੂਪ ਵਿੱਚ ਲੈ ਸਕਦੀ ਹੈ ਜਾਂ ਉਹ ਇੰਟਰਵਿਊ ਦੀ ਵੀਡੀਓ ਬਣਾ ਸਕਦੀ ਹੈ ਅਤੇ ਉਸ ਨੂੰ ਤੁਹਾਡੇ ਬਿਆਨ ਵਜੋਂ ਵਰਤ ਸਕਦੀ ਹੈ। ਤੁਸੀਂ ਇਸਨੂੰ Video Recorded Interview (VRI) ਵਜੋਂ ਸੁਣੋਗੇ। ਉਹ ਹਰੇਕ ਵਿਕਲਪ ਬਾਰੇ ਵਿਸਥਾਰ ਵਿੱਚ ਦੱਸਣਗੇ ਤਾਂ ਤੁਸੀਂ ਉਹ ਚੁਣ ਸਕੋ ਜਿਸ ਵਿੱਚ ਤੁਸੀਂ ਸਭ ਤੋਂ ਵੱਧ ਸਹਿਜ ਮਹਿਸੂਸ ਕਰਦੇ ਹੋ। VRI ਅਦਾਲਤ ਵਿੱਚ ਵਰਤੀ ਜਾ ਸਕਦੀ ਹੈ।

## Witness Care Team

ਇੱਕ Witness Care Team ਵਿੱਚ ਉਹ ਅਧਿਕਾਰੀ ਹੁੰਦੇ ਹਨ ਜੋ ਅਦਾਲਤੀ ਮੁਕੱਦਮੇ ਦੌਰਾਨ, ਅਪਰਾਧੀ 'ਤੇ ਦੋਸ਼ ਲਾਏ ਜਾਣ ਤੋਂ ਲੈ ਕੇ ਕੇਸ ਖਤਮ ਹੋਣ ਤੱਕ, ਤੁਹਾਡੇ ਲਈ ਸੰਪਰਕ ਦੇ ਮੁੱਖ ਸਾਧਨ ਵਜੋਂ ਕੰਮ ਕਰਨਗੇ। ਉਹ ਤੁਹਾਨੂੰ ਦੱਸਣਗੇ ਕਿ ਅਪਰਾਧੀ ਕਦੋਂ ਅਦਾਲਤ ਵਿੱਚ ਪੇਸ਼ ਹੋਵੇਗਾ, ਕਿਸੇ ਵੀ ਵਿਸ਼ੇਸ਼ ਉਪਾਵਾਂ ਦਾ ਪ੍ਰਬੰਧ ਕਰਨਗੇ ਅਤੇ ਮੁਕੱਦਮੇ ਤੋਂ ਪਹਿਲਾਂ ਅਦਾਲਤ ਦੀ ਜਾਣ-ਪਛਾਣ familiarisation visit ਦਾ ਪ੍ਰਬੰਧ ਕਰਨਗੇ।

## ਗਵਾਹ

ਇੱਕ ਗਵਾਹ ਉਹ ਵਿਅਕਤੀ ਹੁੰਦਾ ਹੈ ਜਿਸਨੇ ਕਿਸੇ ਘਟਨਾ/ਮਾਮਲੇ ਨੂੰ ਦੇਖਿਆ ਹੋਵੇ ਜਾਂ ਉਸ ਬਾਰੇ ਜਾਣਕਾਰੀ ਰੱਖਦਾ ਹੋਵੇ। ਕਾਨੂੰਨ ਵਿੱਚ, ਗਵਾਹ ਉਹ ਵਿਅਕਤੀ ਹੁੰਦਾ ਹੈ ਜੋ ਜਾਂ ਤਾਂ ਆਪਣੀ ਮਰਜ਼ੀ ਨਾਲ ਜਾਂ ਮਜਬੂਰੀ (ਦਬਾਅ) ਹੇਠ, ਉਸ ਬਾਰੇ ਜ਼ਬਾਨੀ ਜਾਂ ਲਿਖਤੀ ਪ੍ਰਮਾਣਿਕ ਸਬੂਤ ਪ੍ਰਦਾਨ ਕਰਦਾ ਹੈ ਜੋ ਉਹ ਜਾਣਦਾ ਹੈ ਜਾਂ ਜਾਣਨ ਦਾ ਦਾਅਵਾ ਕਰਦਾ ਹੈ।

# ਤੁਹਾਡੇ ਨੋਟ

ਅੱਗੇ ਵਧਣ ਲਈ ਸਭ ਕੁਝ
ਪਹਿਲਾਂ ਤੋਂ ਹੀ ਸਮਝਿਆ ਹੋਣਾ
ਜ਼ਰੂਰੀ ਨਹੀਂ ਹੈ।

ਵਧੇਰੇ ਜਾਣਕਾਰੀ ਅਤੇ ਸਹਾਇਤਾ ਲਈ ਕਿਰਪਾ ਕਰਕੇ Derbyshire Victim Services
ਦੀ ਵੈੱਬਸਾਈਟ 'ਤੇ ਜਾਣ ਲਈ ਬੇਝਿਜਕ ਮਹਿਸੂਸ ਕਰੋ:
**www.derbyshirevictimservices.co.uk/types-of-crime/rape-and-sexual-assault/**

The Derbyshire Your Journey ਕਿਤਾਬਚਾ Derbyshire Police ਅਤੇ Crime Commissioner ਦੁਆਰਾ ਫੰਡਿੰਗ ਨਾਲ ਤਿਆਰ ਕੀਤਾ ਗਿਆ ਹੈ।

The Consent Coalition ਕੋਲ Your Journey booklet for Derbyshire ਕਿਤਾਬਚੇ ਦੇ ਕਾਪੀਰਾਈਟ ਅਤੇ ਬੌਧਿਕ ਸੰਪੱਤੀ ਦੇ ਅਧਿਕਾਰ ਹਨ। ਸਾਰੇ ਹੱਕ ਰਾਖਵੇਂ ਹਨ।

Consent Coalition